BEST DEAL TRAVEL INC. LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422


ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜ਼ਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Ottawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 04, Ending Date:Jan 26, 2024

IDEAL UPFITTERS ...it's arranged.
BC based Truck and Van Up fitting Company
We provide quality Vans & Specialty Vehicles upfitting that provides custom specialty vehicle upfit services to a wide variety of trades and industries.
• ਸ਼ੈਲਫਾਂ • ਵਾਲ ਲਾਈਨਿੰਗ ਕਿੱਟ & ਫਲੋਰ • ਸੇਫਟੀ ਪਾਰਟੀਸ਼ਨ • ਡਰਾਅਰ ਸਿਸਟਮ • ਲੈਡਰ ਰੈਕਸ • ਵਰਕ ਬੈਂਚ
• ਲਾਈਟਿੰਗ • ਕੰਪਰੈਸਰਜ • ਪਾਵਰ ਇਨਵਰਟਰ • ਸੀਟ ਕਵਰ • ਅਸੈਂਬਲੀ • ਕਸਟਮ ਕੈਬਨਿਟਸ
WWW.IDEALUPFITTERS.COM
info@idealupfitters.com
MONDAY TO FRIDAY 9am-5pm SATURDAY By appointments only SUNDAY CLOSED
PH:604-599-0096
#7-12468-82Ave Surrey, BC, V3W 3E9

# ਸਿੱਖ ਕੌਮ ਵਿਰੋਧੀ ਸਰਕਾਰਾਂ ਦੇ ਜ਼ਬਰ ਜੁਲਮਾਂ, ਬੇਇਨਸਾਫ਼ੀਆਂ ਅਤੇ ਵਿਤਕਰਿਆ ਦੀ ਬਦੌਲਤ ਸਿੱਖ ਤੇ ਪੰਜਾਬੀ ਕਰ ਰਹੇ ਹਨ ਦੇਸ਼ ਤੋਂ ਹਿਜਰਤ:ਮਾਨ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-"ਸਿੱਖ ਕੌਮ ਤੇ ਪੰਜਾਬੀਆਂ ਨੂੰ ਆਪਣੀ ਜਨਮ ਅਤੇ ਮਾਤ ਭੂਮੀ ਨੂੰ ਛੱਡਕੇ ਬਾਹਰਲੇ ਮੁਲਕਾਂ ਵਿਚ ਹਿਜਰਤ ਕਰਕੇ, ਉਥੇ ਮਿਹਨਤ ਮੁਸ਼ੱਕਤਾਂ ਕਰਕੇ ਔਖੇ ਸਮੇ ਵਿਚ ਵਿਚਰਣ ਲਈ ਖੁਸ਼ੀ ਨਾਲ ਨਹੀਂ ਜਾਂਦੇ, ਬਲਕਿ ਲੰਮੇ ਸਮੇ ਤੋ ਜਦੋ ਤੋ ਮੁਲਕ ਦੀ ਵੰਡ ਹੋਈ ਹੈ, 1947 ਤੋਂ ਹੀ ਇਥੋ ਦੇ ਮੁਤੱਸਵੀ ਸੋਚ ਵਾਲੇ ਹੁਕਮਰਾਨ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਨਾਲ ਹਰ ਖੇਤਰ ਵਿਚ ਵੱਡੀਆ ਜਿਆਦਤੀਆ, ਬੇਇਨਸਾਫ਼ੀਆਂ ਤੇ ਜ਼ਬਰ ਜੁਲਮ ਕਰਦੇ ਆ ਰਹੇ ਹਨ।ਉਨ੍ਹਾਂ ਨੂੰ ਮਾਲੀ ਅਤੇ ਸਮਾਜਿਕ ਤੌਰ ਤੇ ਮਜਬੂਤ ਕਰਨ ਦੀ ਜਿੰਮੇਵਾਰੀ ਨਿਭਾਉਣ ਦੀ ਬਜਾਇ ਸਾਜਸੀ ਢੰਗਾਂ ਨਾਲ ਕੰਮਜੋਰ ਹੀ ਕਰਦੇ ਆ ਰਹੇ ਹਨ। ਇਸ ਲਈ ਜੇਕਰ ਅੱਜ ਵੱਡੀ ਗਿਣਤੀ ਵਿਚ ਪੰਜਾਬੀ ਤੇ ਸਿੱਖ ਨੌਜਵਾਨ ਬਾਹਰਲੇ ਮੁਲਕਾਂ ਵਿਚ ਵੱਡੀਆਂ-ਵੱਡੀਆਂ ਰਕਮਾਂ ਖਰਚ ਕਰਕੇ, ਕਰਜੇ ਚੱਕ ਕੇ ਹਿਜਰਤ ਕਰ ਰਹੇ ਹਨ।ਤਾਂ ਇਹ ਸੈਂਟਰ ਦੀਆਂ ਸਰਕਾਰਾਂ ਅਤੇ ਪੰਜਾਬ ਤੇ ਸਿੱਖ ਕੌਮ ਵਿਰੋਧੀ ਸਰਕਾਰਾਂ ਦੇ ਜ਼ਬਰ ਜੁਲਮਾਂ, ਬੇਇਨਸਾਫ਼ੀਆਂ ਅਤੇ ਵਿਤਕਰਿਆ ਦੀ ਬਦੌਲਤ ਹੀ ਕਰ ਰਹੇ ਹਨ।ਇਸ ਲਈ ਇਹ ਸਰਕਾਰਾਂ ਹੀ ਜਿੰਮੇਵਾਰ ਹਨ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ. ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਰਿਆਣੇ ਦੇ ਗ੍ਰਹਿ ਤੇ ਸਿਹਤ ਵਜੀਰ ਸ੍ਰੀ ਅਨਿਲ ਵਿਜ ਵੱਲੋ ਬਾਹਰਲੇ ਮੁਲਕਾਂ ਵਿਚ ਜਾਣ ਵਾਲੇ ਸਿੱਖਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਦਿੱਤੇ ਗਏ ਮੰਦਭਾਵਨਾ ਭਰੇ ਬਿਆਨ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਸੈਂਟਰ ਦੇ ਜੁਲਮਾਂ ਤੋ ਪੀੜ੍ਹਤ ਪੰਜਾਬੀ ਅਤੇ ਸਿੱਖਾਂ ਵਿਰੁੱਧ ਕਿਸੇ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕਰਨ ਦੀ ਬਜਾਇ ਜੇਕਰ ਸ੍ਰੀ ਅਨਿਲ ਵਿਜ ਹਰਿਆਣੇ ਵਿਚ 1984 ਵਿਚ ਵਾਪਰੇ ਹੋਂਦ ਚਿੱਲੜ੍ਹ ਵਿਖੇ ਸਿੱਖ ਕੌਮ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਅਤੇ ਹਰਿਆਣੇ ਵਿਚ ਸਿੱਖ ਸਖਸ਼ੀਅਤ ਦੀਪ ਸਿੱਧੂ ਦੇ ਹੋਏ ਸਾਜਸੀ ਕਤਲਾਂ ਦੇ ਸੱਚ ਨੂੰ ਇਮਾਨਦਾਰੀ ਨਾਲ ਸਾਹਮਣੇ ਲਿਆਉਣ ਲਈ ਨਿਰਪੱਖਤਾ ਨਾਲ ਜਾਂਚ ਕਰਵਾਉਦੇ ਹੋਏ ਕਾਨੂੰਨ ਅਨੁਸਾਰ ਦੋਸ਼ੀਆਂ ਸਜ਼ਾ ਦਿਵਾਉਣ ਦੀ ਜਿੰਮੇਵਾਰੀ ਨਿਭਾਉਣ ਫਿਰ ਤਾਂ ਇਹ ਇਨਸਾਫ਼ ਤੇ ਜਮਹੂਰੀਅਤ ਪੱਖੀ ਅਮਲ ਹੋਵੇਗਾ।ਜੇਕਰ ਪੀੜ੍ਹਤ ਪੰਜਾਬੀਆਂ ਤੇ ਸਿੱਖਾਂ ਵਿਰੁੱਧ ਹੀ ਇਨ੍ਹਾਂ ਨੇ ਅਜਿਹੀਆ ਕਾਰਵਾਈਆ ਕਰਨੀਆ ਹਨ, ਇਹ ਤਾਂ ਪਹਿਲੇ ਹਕੂਮਤੀ ਜ਼ਬਰ ਨੂੰ ਹੋਰ ਵਧਾਉਣ ਅਤੇ ਸਿੱਖਾਂ ਦੇ ਮਨ-ਆਤਮਾਵਾ ਵਿਚ ਹੋਰ ਨਫਰਤ ਪੈਦਾ ਕਰਨ ਵਾਲੀਆ ਕਾਰਵਾਈਆ ਹੋਣਗੀਆ ਜਿਸ ਨਾਲ ਸਿੱਖਾਂ ਵਿਚ ਵੱਡਾ ਰੋਹ ਉਤਪੰਨ ਹੋਵੇਗਾ ਅਤੇ ਉਹ ਵੀ ਰੀਐਕਸਨ ਦੇ ਤੌਰ ਤੇ ਅਜਿਹੇ ਸਿਆਸਤਦਾਨਾਂ ਤੇ ਸਰਕਾਰਾਂ ਵਿਰੁੱਧ ਰੋਸ਼ ਜਾਹਰ ਕਰਦੇ ਹੋਏ ਕਾਰਵਾਈਆ ਕਰਨਗੇ।ਜਿਸਦਾ ਮੁਲਕ ਦੀਆਂ ਸਰਕਾਰਾਂ ਤੇ ਸਿਆਸਤਦਾਨਾਂ ਨੂੰ ਜਾਂ ਇਥੋ ਦੇ ਨਿਵਾਸੀਆ ਨੂੰ ਕਿਸੇ ਤਰ੍ਹਾਂ ਦਾ ਫਾਇਦਾ ਨਹੀ ਹੋ ਸਕੇਗਾ।

# ਭਾਜਪਾ ਸਰਕਾਰ ਦੀਆਂ ਪੱਖਪਾਤੀ ਅਤੇ ਵੰਡੀਆਂ ਪਾਉਣ ਵਾਲੀਆਂ ਨੀਤੀਆਂ ਕਾਰਨ ਘੱਟ ਗਿਣਤੀਆਂ ਵਿਰੁੱਧ ਹਿੰਸਾ ਵਧੀ:ਹਿਊਮਨ ਰਾਈਟਸ ਵਾਚ

ਮਨੁੱਖੀ ਹੱਕਾਂ ਦੀ ਅਲੰਬਰਦਾਰ ਪੱਤਰਕਾਰ ਨਰਗਿਸ ਮੁਹੰਮਦੀ ਖਿਲਾਫ਼ ਹਕੂਮਤੀ ਜਬਰ ਦੀ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਨਿਖੇਧੀ ਕੀਤੀ ਜਾਂਦੀ ਹੈ।ਦੱਸਣਯੋਗ ਹੈ ਕਿ ਮਨੁੱਖੀ ਅਧਿਕਾਰ ਕਾਰਕੁੰਨ, ਪੱਤਰਕਾਰ ਅਤੇ ਲੇਖਕਾ, ਇਰਾਨ ਦੀ ਜੇਲ੍ਹ 'ਚ ਬੰਦ ਤੇ ਨੋਬੇਲ ਸ਼ਾਂਤੀ ਪੁਰਸਕਾਰ ਜੇਤੂ ਨਰਗਿਸ ਮੁਹੰਮਦੀ ਨੂੰ ਇਰਾਨ ਦੀ ਇਕ ਅਦਾਲਤ ਨੇ 15 ਮਹੀਨਿਆਂ ਦੀ ਹੋਰ ਸਜ਼ਾ ਸੁਣਾਈ ਹੈ। ਨਰਗਿਸ 'ਤੇ ਦੋਸ਼ ਹੈ ਕਿ ਉਸ ਨੇ ਦੇਸ਼ ਦੀ ਹਕੂਮਤ ਵਿਰੁੱਧ ਕੂੜ ਪ੍ਰਚਾਰ ਕੀਤਾ ਹੈ।ਨਰਗਿਸ ਨੇ ਅਦਾਲਤੀ ਸੁਣਵਾਈ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਅਦਾਲਤ ਵੱਲੋਂ ਫੈਸਲੇ ਵਿਚ ਕਿਹਾ ਗਿਆ ਹੈ ਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਦੋ ਸਾਲ ਤੱਕ ਨਰਗਿਸ ਵਿਦੇਸ਼ ਨਹੀਂ ਜਾ ਸਕੇਗੀ। ਉਸ ਉਤੇ ਕਿਸੇ ਸਿਆਸੀ ਜਾਂ ਸਮਾਜਿਕ ਸੰਗਠਨ ਨਾਲ ਜੁੜਨ ਦੀ ਵੀ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਉਹ ਦੋ ਸਾਲ ਤੱਕ ਮੋਬਾਈਲ ਵੀ ਨਹੀਂ ਰੱਖ ਸਕੇਗੀ।ਨੋਬਲ ਸ਼ਾਂਤੀ ਪੁਰਸਕਾਰ ਜੇਤੂ ਨਰਗਿਸ ਮੁਹੰਮਦੀ ਨਾਲ ਹੋ ਰਹੀ ਇਸ ਅਣਮਨੁੱਖੀ ਧੱਕੇਸ਼ਾਹੀ ਦੀ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਨਿਖੇਧੀ ਕੀਤੀ ਜਾਂਦੀ ਹੈ ਅਤੇ ਉਸ ਲਈ ਇਨਸਾਫ਼ ਦੀ ਮੰਗ ਕੀਤੀ ਜਾਂਦੀ ਹੈ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੋਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya Mortgage Specialist
604.760.9172
# 384-8148 128 St, Surrey (Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਜਸਵੀਰ ਗਰੇਵਾਲ 778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

TD Sukhvir Singh Dheria
Manager, Mobile Mortgage Specialist
778-982-0888
sukhvir.dheria@td.com
Easy Mortgage Approvals

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims • Private Claims • Free Courtesy Cars • Auto Glass Replacement • Free Estimates
ਆਈ. ਸੀ. ਬੀ. ਕਲੇਮਜ਼ / ਪ੍ਰਾਈਵੇਟ ਕਲੇਮਜ਼ / ਫਰੀ ਕਰਟਸੀ ਕਾਰ / ਆਟੋ ਗਲਾਸ ਰਿਪਲੇਸਮੈਂਟ / ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
BESTWAY Foreign Exchange Ltd.
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ • ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8

Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ


GOYAL CONSULTANT & PRINTING SERVICES
Contact:1-604-993-3037
2 Locations to Serve You
ABBOTSFORD 30525 Cardinal Ave | SURREY 12436-74Ave
We are open 7 days a week 08:00 AM TO 09:00 PM (By Appointment Only)
Email: GSquareConsultantServicesLtd@gmail.com
• ਇੰਡੀਅਨ ਪਾਸਪੋਰਟ ਐਪਲੀਕੇਸ਼ਨ • ਇੰਡੀਅਨ ਵੀਜ਼ਾ ਐਪਲੀਕੇਸ਼ਨ • ਓਸੀਆਈ ਐਪਲੀਕੇਸ਼ਨ • ਪੁਲਿਸ ਕਲੀਅਰੈਂਸ ਸਰਟੀਫਿਕੇਸ਼ਨ ਐਪਲੀਕੇਸ਼ਨ • ਕਨੇਡੀਅਨ ਪਾਸਪੋਰਟ ਐਪਲੀਕੇਸ਼ਨ • ਯੂ ਐਸ ਵੀਜ਼ਾ ਐਪਲੀਕੇਸ਼ਨ ਅਤੇ ਅਪਾਇੰਟਮੈਂਟ • Schengen ਵੀਜ਼ਾ ਐਪਲੀਕੇਸ਼ਨ • ਯੂਕੇ/ਆਸਟਰੇਲੀਆ/ਨਿਊਜ਼ੀਲੈਂਡ ਵੀਜ਼ਾ ਐਪਲੀਕੇਸ਼ਨ


FARM AND SPICE
Open 7 Days a Week
8.30 am to 9.00 pm
SPECIAL OFFERS: 19-25 JAN
Daily Specials on
ਧਨੀਆ
Cilantro
69¢ each
ਹਰੇ ਨਿੰਬੂ
Lime
2 for $1.00
ਸੰਤਰਾ ਛੋਟਾ/ਵਡਾ
Orange Small/Large
$1.49 /lb
ਆਵੋਕਾਡੋ
Avocado
99¢ each
ਅਨਾਰ
Pomegranate
$2.99 each
ਜ਼ੁਕੀਨੀ
Zuchinni
$1.49 /lb
ਫੁੱਲ ਗੋਭੀ
Cauliflower
$1.99 each
ਸਰੋਂ ਦਾ ਤੇਲ
Gagan
Mustard Oil
250ml
$1.49 each
ਅਖਰੋਟ
Walnuts
Bulk
$4.49 /lb
ਮੈਂਗੋ ਜੂਸ
ITN
Mango Juice
1.5Ltr
$2.99 each
ਮੇਰੀ ਚਾਹ
Meri Chai
Tea Bags
216Bags
$5.49 each
ਸਰੋਂ ਦਾ ਸਾਗ
Sohna
Saron Da Saag
850g
$3.99 each
ਐਸੋਟਿਡ ਰੱਸ
Aap Ki Pasand
Assorted Rusk
600g
$3.99 each
ਸ਼ਹਿਦ
Mothers Love
Honey
900 g
$7.99 each
AMA Products at
lowest Price
Disposable 7' Spoons
20pcs
$1.29 each
7' Round Plates
40pcs
$3.99 each
9 oz paper cups
50pcs
$3.99 each
6 Compartment cornstarch trays
40pcs
$9.99 each
ਪਾਰਲੀਮੈਂਟ ਚਾਵਲ
Parliament
Basmati Rice
8 lb
$7.99 each
ਆਈ ਟੀ ਐਨ ਚਾਵਲ
ITN Basmati
Super Long Rice
8 lb
$9.99 each
ਕ੍ਰਾਉਨ ਤੇਲ
Crown
Sunflower Oil
3 ltr
$12.99 each
ਕਨੋਲਾ ਤੇਲ
Canola Harvest
Canola Oil
3 ltr
$13.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਸਿੱਖ ਧਰਮ ਮੂਰਤੀ ਪੂਜਾ ਦਾ ਖੰਡਨ ਕਰਦਾ ਹੈ ਇਸ ਲਈ ਕਿਸੇ ਵੀ ਸਿੱਖ ਸਖਸ਼ੀਅਤ ਜਾਂ ਆਗੂ ਨੂੰ ਰਾਮ ਮੂਰਤੀ ਸਥਾਪਨਾ ਸਮਾਗਮ ਵਿਚ ਕਤਈ ਨਹੀਂ ਜਾਣਾ ਚਾਹੀਦਾ:ਮਾਨ

ਨਵੀਂ ਦਿੱਲੀ:“ਕਿਉਂਕਿ ਸਿੱਖ ਧਰਮ ਪੱਥਰ, ਮੂਰਤੀ ਪੂਜਾ ਦਾ ਮੁੱਢ ਤੋ ਹੀ ਜੋਰਦਾਰ ਖੰਡਨ ਕਰਦਾ ਹੈ ਕਿਉਂਕਿ ਇਹ ਹਿੰਦੂ ਰਵਾਇਤ ਇਨਸਾਨੀਅਤ ਨੂੰ ਪੱਥਰ ਪੂਜਾ ਵੱਲ ਧਕੇਲਦੀ ਹੈ । ਜੋ ਕਿ ਸਾਡੇ ਗੁਰੂ ਸਾਹਿਬਾਨ ਨੇ ਇਸਦਾ ਜੋਰਦਾਰ ਵਿਰੋਧ ਕਰਦੇ ਹੋਏ ਇਸ ਵਿਰੁੱਧ ਵੱਡਾ ਸੰਘਰਸ਼ ਕੀਤਾ ਸੀ । ਇਸ ਲਈ ਕਿਸੇ ਵੀ ਸਿੱਖ ਸਖ਼ਸੀਅਤ ਜਾਂ ਸਿੱਖ ਆਗੂ ਨੂੰ ਰਾਮ ਮੂਰਤੀ ਸਥਾਪਨਾ ਸਮਾਗਮ ਵਿਚ ਕਤਈ ਸਾਮਿਲ ਨਹੀ ਹੋਣਾ ਚਾਹੀਦਾ। ਤਾਂ ਕਿ ਅਸੀ ਆਪਣੇ ਸਿੱਖੀ ਮਨੁੱਖਤਾ ਪੱਖੀ ਸਿਧਾਤਾਂ ਤੇ ਸੋਚ ਨੂੰ ਹੋਰ ਮਜਬੂਤ ਤੇ ਪ੍ਰਫੁੱਲਿਤ ਕਰ ਸਕੀਏ ਨਾ ਕਿ ਹਿੰਦੂਤਵ ਕੱਟੜਵਾਦੀ ਸਮਾਜ ਵਿਰੋਧੀ ਪਾਖੰਡਵਾਦ ਦੀ ਗੱਲ ਕਰੀਏ।”ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿੱਖ ਧਰਮ ਦੇ ਮੂਰਤੀ ਪੂਜਾ ਨੂੰ ਮੁੱਢ ਤੋ ਹੀ ਖੰਡਨ ਕਰਨ ਦੀ ਗੱਲ ਕਰਦੇ ਹੋਏ ਤੇ ਸਮੁੱਚੀ ਸਿੱਖ ਕੌਮ ਨੂੰ ਹਿੰਦੂਤਵ ਕੱਟੜਵਾਦੀ ਸੰਗਠਨਾਂ ਅਤੇ ਲੋਕਾਂ ਦੇ ਅਯੁੱਧਿਆ ਵਿਚ ਜਿਸ ਸਥਾਂਨ ਤੇ ਬਾਬਰੀ ਮਸਜਿਦ ਨੂੰ ਜ਼ਬਰੀ ਗਿਰਾਕੇ ਮੰਦਰ ਉਸਾਰਿਆ ਗਿਆ, ਉਥੇ ਮੂਰਤੀ ਸਥਾਪਨਾ ਦੇ ਸਮਾਗਮ ਤੋ ਦੂਰੀ ਬਣਾਕੇ ਰੱਖਣ ਦੀ ਜੋਰਦਾਰ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਇਸ ਵਿਸੇ ਤੇ ਆਪਣੇ ਨਾਨਾ ਸ. ਅਰੂੜ ਸਿੰਘ ਦੀ ਗੱਲ ਕਰਦੇ ਹੋਏ ਜਾਣਕਾਰੀ ਦਿੱਤੀ ਕਿ ਜਦੋ ਮੇਰੇ ਨਾਨਾ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੀਤੇ ਸਮੇ ਵਿਚ ਮੁੱਖੀ ਸਨ, ਤਾਂ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਪ੍ਰੀਕਰਮਾਂ ਵਿਚ ਹਿੰਦੂਤਵੀ ਆਰੀਆ ਸਮਾਜੀਆ ਵੱਲੋ ਸਥਾਪਿਤ ਕੀਤੀਆ ਗਈਆ ਸਭ ਮੂਰਤੀ ਚੁੱਕਵਾਕੇ ਬਾਹਰ ਭੇਜ ਦਿੱਤੀਆ ਸਨ । ਉਨ੍ਹਾਂ ਕਿਹਾ ਕਿ ਇਨ੍ਹਾਂ ਮੂਰਤੀ ਪੂਜਾ ਕਰਨ ਵਾਲੀਆ ਕੱਟੜਵਾਦੀ ਹਿੰਦੂਤਵ ਤਾਕਤਾਂ ਨੇ ਪਹਿਲੇ 1984 ਵਿਚ ਸਿੱਖ ਕੌਮ ਦੇ ਸਰਬਉੱਚ ਅਸਥਾਂਨ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ ਅਤੇ ਫਿਰ 1992 ਵਿਚ ਅਯੁੱਧਿਆ ਵਿਖੇ ਸਦੀਆ ਤੋ ਸਥਾਪਿਤ ਚੱਲੀ ਆ ਰਹੀ ਮੁਸਲਿਮ ਕੌਮ ਦੀ ਬਾਬਰੀ ਮਸਜਿਦ ਨੂੰ ਜ਼ਬਰੀ ਗਿਰਾਇਆ ਅਤੇ ਫਿਰ ਉਥੇ ਸਮੁੱਚੇ ਸੰਸਾਰ ਦੇ ਮੁਸਲਮਾਨਾਂ ਦੀਆਂ ਭਾਵਨਾਵਾ ਨੂੰ ਠੇਸ ਪਹੁੰਚਾਉਦੇ ਹੋਏ ਸਭ ਤੋ ਉੱਚੀ ਅਦਾਲਤ ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਗੰਗੋਈ ਦੀ ਦੁਰਵਰਤੋ ਕਰਕੇ ਉਥੇ ਮੰਦਰ ਬਣਾਉਣ ਦੇ ਹੱਕ ਵਿਚ ਫੈਸਲਾ ਕਰਵਾਇਆ ਹੁਣ ਉਸੇ ਸਥਾਂਨ ਤੇ ਇਹ ਤਾਕਤਾਂ ਆਪਣੀ ਹਉਮੈ ਭਰੀ ਅਤੇ ਮਨੁੱਖਤਾ ਵਿਰੋਧੀ ਨੀਤੀ ਅਧੀਨ ਰਾਮ ਮੂਰਤੀ ਸਥਾਪਿਤ ਕਰਨ ਜਾ ਰਹੀਆ ਹਨ । ਇਹ ਵੀ ਕਦੀ ਹੋਇਆ ਹੈ ਕਿ ਕਿਸੇ ਮਸਜਿਦ, ਮੰਦਰ, ਗੁਰਦੁਆਰਾ ਨੂੰ ਢਾਹਿਆ ਜਾਵੇ ਜਾਂ ਉਸ ਵਿਚ ਉਸ ਕੌਮ ਦੇ ਧਰਮ ਦੇ ਅਨੁਸਾਰ ਹੋਣ ਵਾਲੀਆ ਰੀਤੀਆ ਰਵਾਇਤਾ ਨੂੰ ਜ਼ਬਰੀ ਰੋਕਿਆ ਜਾਵੇ ? ਪਰ ਇਨ੍ਹਾਂ ਨੇ ਮਸਜਿਦ, ਗੁਰਦੁਆਰੇ ਹੀ ਨਹੀ ਢਾਹੇ ਬਲਕਿ ਦੱਖਣ ਵਿਚ ਇਸਾਈਆ ਦੇ ਚਰਚਾਂ ਨੂੰ ਅੱਗਾਂ ਲਗਾਕੇ ਅਤੇ ਉਨ੍ਹਾਂ ਦੀਆਂ ਨਨਜ਼ਾਂ ਨਾਲ ਬਲਾਤਕਾਰ ਕਰਕੇ ਕਤਲ ਕਰਨ ਦੇ ਮਨੁੱਖਤਾ ਵਿਰੋਧੀ ਅਮਲ ਵੀ ਕੀਤੇ ਹਨ । ਇਨ੍ਹਾਂ ਦੇ ਖੂਨ ਵਿਚੋ ਇਨਸਾਨੀਅਤ ਖਤਮ ਹੋ ਚੁੱਕੀ ਹੈ । ਇਹੀ ਵਜਹ ਹੈ ਕਿ ਇਹ ਕੱਟੜਵਾਦੀ ਹਿੰਦੂਤਵ ਹੁਕਮਰਾਨ ਅਤੇ ਏਜੰਸੀਆਂ ਹੁਣ ਬਾਹਰਲੇ ਮੁਲਕਾਂ ਵਿਚ ਅਮਨ ਚੈਨ ਨਾਲ ਵੱਸਦੇ ਉਨ੍ਹਾਂ ਸਿੱਖਾਂ ਜੋ ਸਿੱਖ ਕੌਮ ਦੀ ਕੌਮਾਂਤਰੀ ਕਾਨੂੰਨਾਂ ਅਨੁਸਾਰ ਆਜਾਦੀ ਦੀ ਗੱਲ ਕਰਦੇ ਹਨ ਅਤੇ ਸਿੱਖਾਂ ਦੇ ਹੁਕਮਰਾਨਾਂ ਵੱਲੋ ਕੁੱਚਲੇ ਹੋਏ ਹੱਕਾਂ ਨੂੰ ਬਹਾਲ ਕਰਵਾਉਣ ਲਈ ਆਵਾਜ ਉਠਾਉਦੇ ਹਨ, ਉਨ੍ਹਾਂ ਨੂੰ ਆਪਣੀਆ ਏਜੰਸੀਆ ਰਾਹੀ ਖਤਮ ਕਰਵਾਇਆ ਜਾ ਰਿਹਾ ਹੈ । ਜਿਵੇਕਿ ਕੈਨੇਡਾ ਵਿਚ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ, ਬਰਤਾਨੀਆ ਵਿਚ ਅਵਤਾਰ ਸਿੰਘ ਖੰਡਾ, ਪਾਕਿਸਤਾਨ ਵਿਚ ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ, ਹਰਿਆਣੇ ਵਿਚ ਦੀਪ ਸਿੰਘ ਸਿੱਧੂ ਅਤੇ ਪੰਜਾਬ ਵਿਚ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਨੂੰ ਕਤਲ ਕੀਤਾ ਗਿਆ । ਇਨ੍ਹਾਂ ਕਤਲਾਂ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਤੋ ਇਸ ਲਈ ਭੱਜ ਰਹੇ ਹਨ ਕਿਉਂਕਿ ਇਹ ਖੁਦ ਇਨ੍ਹਾਂ ਕਤਲਾਂ ਦੇ ਸਾਜਿਸਕਾਰ ਹਨ । ਇਹ ਹੋਰ ਵੀ ਦੁੱਖਦਾਇਕ ਵਰਤਾਰਾ ਹੁਕਮਰਾਨਾਂ ਵੱਲੋ ਕੀਤਾ ਜਾ ਰਿਹਾ ਹੈ ਕਿ ਕਸਮੀਰੀਆਂ ਉਤੇ ਜ਼ਬਰ ਜੁਲਮ ਢਾਹੁਣ ਦੇ ਨਾਲ-ਨਾਲ ਕਸਮੀਰ ਦੀ ਜਾਮਾ ਮਸਜਿਦ ਵਿਚ ਉਨ੍ਹਾਂ ਦੀਆਂ ਰਹੁਰੀਤੀਆ ਅਨੁਸਾਰ ਨਮਾਜ ਹੀ ਨਹੀ ਪੜ੍ਹਨ ਦੇ ਰਹੇ । ਜੋ ਕਿ ਕਿਸੇ ਦੂਸਰੇ ਧਰਮ ਦੀ ਆਜਾਦੀ ਉਤੇ ਵੱਡਾ ਹਮਲਾ ਹੈ । ਇੰਡੀਅਨ ਵਿਧਾਨ ਇਥੇ ਵੱਸਣ ਵਾਲੀਆ ਸਭ ਕੌਮਾਂ, ਧਰਮਾਂ ਨੂੰ ਪੂਰਨ ਆਜਾਦੀ ਨਾਲ ਵਿਚਰਣ ਤੇ ਆਪਣੀਆ ਧਾਰਮਿਕ ਰਹੁਰੀਤੀਆ ਅਨੁਸਾਰ ਆਪਣੇ ਧਰਮ ਵਿਚ ਵਿਸਵਾਸ ਰੱਖਦੇ ਹੋਏ ਰਸਮਾ ਪੂਰਨ ਕਰਨ ਦੀ ਖੁੱਲ੍ਹ ਦਿੰਦਾ ਹੈ। ਫਿਰ ਵੀ ਇਹ ਇੰਡੀਅਨ ਹੁਕਮਰਾਨ ਆਪਣੇ ਵੱਲੋ ਬਣਾਏ ਗਏ ਵਿਧਾਨ ਦੇ ਨਿਯਮਾਂ, ਅਸੂਲਾਂ ਨੂੰ ਕੁੱਚਲਕੇ ਮਨੁੱਖਤਾ ਵਿਰੋਧੀ ਕੱਟੜਵਾਦੀ ਅਮਲ ਕਰ ਰਹੇ ਹਨ । ਇਸ ਲਈ ਇਨ੍ਹਾਂ ਕੱਟੜਵਾਦੀਆਂ ਵੱਲੋ ਇਨਸਾਨੀਅਤ ਤੇ ਮਨੁੱਖਤਾ ਵਿਰੋਧੀ ਕੀਤੇ ਗਏ ਅਤੇ ਕੀਤੇ ਜਾ ਰਹੇ ਅਮਲਾਂ ਦਾ ਵਿਰੋਧ ਕਰਦੇ ਹੋਏ ਕਿਸੇ ਵੀ ਸਿੱਖ ਨੂੰ 22 ਜਨਵਰੀ ਨੂੰ ਅਯੁੱਧਿਆ ਵਿਖੇ ਰਾਮ ਮੂਰਤੀ ਸਥਾਪਨਾ ਸਮਾਗਮ ਵਿਚ ਭੁੱਲ ਕੇ ਵੀ ਸਮੂਲੀਅਤ ਨਹੀ ਕਰਨੀ ਚਾਹੀਦੀ।

# ਵਿਜੈ ਮਾਲਿਆ, ਨੀਰਵ ਮੋਦੀ ਨੂੰ ਜਲਦ ਭਾਰਤ ਲਿਆਉਣ ਦੀ ਕੋਸ਼ਿਸ਼



ਨਵੀਂ ਦਿੱਲੀ-ਭਗੌੜੇ ਕਾਰੋਬਾਰੀ ਨੀਰਵ ਮੋਦੀ, ਸੰਜੇ ਭੰਡਾਰੀ ਅਤੇ ਵਿਜੈ ਮਾਲਿਆ ਖਿਲਾਫ ਕਾਰਵਾਈ ਨੂੰ ਲੈ ਕੇ ਕੇਂਦਰ ਸਰਕਾਰ ਐਕਸ਼ਨ ਮੋਡ ਵਿੱਚ ਆ ਗਈ ਹੈ। ਸੂਤਰਾਂ ਨੇ ਦੱਸਿਆ ਕਿ ਭਗੌੜੇ ਕਾਰੋਬਾਰੀਆਂ ਨੂੰ ਭਾਰਤ ਲਿਆਉਣ ਲਈ ਕੇਂਦਰੀ ਜਾਂਚ ਬਿਊਰੋ, ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਰਾਸ਼ਟਰੀ ਜਾਂਚ ਏਜੰਸੀ ਦੇ ਅਧਿਕਾਰੀਆਂ ਦੀ ਉੱਚ ਪੱਧਰੀ ਟੀਮ ਬ੍ਰਿਟੇਨ ਜਾਵੇਗੀ। ਨਿਊਜ਼ ਏਜੰਸੀ ਏਐੱਨਆਈ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਟੀਮ ਭਾਰਤ ਦੇ ਲੋੜੀਂਦੇ ਭਗੌੜੇ ਕਾਰੋਬਾਰੀਆਂ ਦੀ ਹਵਾਲਗੀ ਨੂੰ ਤੇਜ਼ ਕਰਨ ਲਈ ਜਲਦੀ ਹੀ ਬ੍ਰਿਟੇਨ ਰਵਾਨਾ ਹੋਵੇਗੀ, ਜਿਸ ਵਿੱਚ ਰੱਖਿਆ ਵਪਾਰੀ ਸੰਜੇ ਭੰਡਾਰੀ, ਹੀਰਾ ਵਪਾਰੀ ਨੀਰਵ ਮੋਦੀ ਅਤੇ ਵਿਜੈ ਮਾਲਿਆ ਸ਼ਾਮਿਲ ਹਨ। ਜ਼ਿਕਰਯੋਗ ਹੈ ਕਿ ਵਿਜੈ ਮਾਲਿਆ ਸਾਲ 2016 ਵਿਚ ਬਰਤਾਨੀਆ ਭੱਜ ਗਿਆ ਸੀ। ਉਹ ਭਾਰਤ ਵਿਚ ਕਿੰਗਫਿਸ਼ਰ ਏਅਰਲਾਈਨਜ਼ ਨੂੰ ਕਈ ਬੈਂਕਾਂ ਦੁਆਰਾ ਦਿੱਤੇ ਗਏ 9,000 ਕਰੋੜ ਰੁਪਏ ਦੇ ਕਰਜ਼ੇ ਦੀ ਰਕਮ ਦਾ ਭੁਗਤਾਨ ਨਾ ਕਰਨ ਦੇ ਮਾਮਲੇ ਵਿਚ ਲੋੜੀਂਦਾ ਹੈ। ਰੱਖਿਆ ਸਾਜ਼ੋ ਸਾਮਾਨ ਵਪਾਰੀ ਸੰਜੈ ਭੰਡਾਰੀ, ਹੀਰਾ ਕਾਰੋਬਾਰੀ ਨੀਰਵ ਮੋਦੀ ਤੇ ਕਿੰਗਫਿਸ਼ਰ ਏਅਰਲਾਈਨਜ਼ ਦੇ ਪ੍ਰਮੋਟਰ ਵਿਜੈ ਮਾਲਿਆ ਸਣੇ ਹੋਣ ਕਈ ਭਗੌੜਿਆਂ ਦੀ ਭਾਰਤ ਹਵਾਲਗੀ ਸਬੰਧੀ ਪ੍ਰਕਿਰਿਆ ਤੇਜ਼ ਕਰਨ ਲਈ  ਕੇਂਦਰੀ ਜਾਂਚ ਬਿਊਰੋ, ਐਨਫੋਰਸਮੈਂਟ ਡਾਇਰੈਕਟੋਰੇਟ ਅਤੇ ਕੌਮੀ ਜਾਂਚ ਏਜੰਸੀ ਦੇ ਅਧਿਕਾਰੀਆਂ ਦੀ ਉੱਚ ਪੱਧਰੀ ਟੀਮ ਜਲਦੀ ਹੀ ਬਰਤਾਨੀਆ ਜਾਵੇਗੀ। ਪਤਾ ਲੱਗਾ ਹੈ ਕਿ ਲੰਡਨ ਜਾ ਰਹੀ ਟੀਮ ਐੱਮਐੱਲਏਟੀ ਤਹਿਤ ਬਰਤਾਨੀਆ ਦੇ ਅਧਿਕਾਰੀਆਂ ਨਾਲ ਲੰਬੇ ਸਮੇਂ ਤੋਂ ਲਟਕੇ ਮਾਮਲਿਆਂ ’ਤੇ ਜਾਣਕਾਰੀ ਸਾਂਝੀ ਕਰਨਗੇ। ਐੱਮਐੱਲਏਟੀ ਤਹਿਮਤ ਦੋਵੇਂ ਮੁਲਕ ਦੋਵੇਂ ਕਾਨੂੰਨੀ ਤੌਰ ‘ਤੇ ਆਰਥਿਕ ਅਪਰਾਧੀਆਂ ਅਤੇ ਹੋਰਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਪਾਬੰਦ ਹਨ।ਐੱਨਆਈਏ ਦੀ ਟੀਮ ਇਸ ਸਮੇਂ ਖਾਲਿਸਤਾਨੀ ਅੰਦੋਲਨ ਨਾਲ ਜੁੜੇ ਕਈ ਅਤਿਵਾਦੀ ਸ਼ੱਕੀਆਂ ਦੀ ਜਾਂਚ ਕਰ ਰਹੀ ਹੈ। ਜੇਕਰ ਸਭ ਕੁਝ ਯੋਜਨਾ ਅਨੁਸਾਰ ਚੱਲਦਾ ਹੈ ਤਾਂ ਭਾਰਤੀ ਟੀਮ ਦੇ ਇਸ ਮਹੀਨੇ ਕਿਸੇ ਵੀ ਸਮੇਂ ਰਵਾਨਾ ਹੋਣ ਦੀ ਉਮੀਦ ਹੈ।










# ਰਾਮ ਮੰਦਰ ਦੇ ਉਦਘਾਟਨ ’ਚ ਸ਼ਾਮਲ ਨਹੀਂ ਹੋਣਗੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ

ਅੰਮ੍ਰਿਤਸਰ-ਰਾਮ ਮੰਦਰ ਦਾ ਉਦਘਾਟਨ 22 ਜਨਵਰੀ ਨੂੰ ਹੋ ਰਿਹਾ ਹੈ, ਜਿਸ ਲਈ 7000 ਤੋਂ ਵੱਧ ਸ਼ਖਸੀਅਤਾਂ ਨੂੰ ਪ੍ਰਮੁੱਖ ਤੌਰ ’ਤੇ ਸੱਦਾ ਪੱਤ ਭੇਜੇ ਗਏ ਹਨ। ਇਹ ਸੱਦਾ ਪੱਤਰ ਸਿੱਖ ਪੰਥ ਦੇ ਪੰਜਾਂ ਤਖਤਾਂ ਦੇ ਜਥੇਦਾਰਾਂ ਨੂੰ ਵੀ ਭੇਜਿਆ ਗਿਆ ਹੈ। ਇਸ ਸਭ ਵਿਚਾਲੇ ਹੀ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਵਾਇਰਲ ਹੋ ਰਹੀ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਾਮ ਮੰਦਰ ਦੇ ਉਦਘਾਟਨ ਵਿੱਚ ਸ਼ਾਮਲ ਨਹੀਂ ਹੋਣਗੇ। ਹਾਲਾਂਕਿ ਉਨ੍ਹਾਂ ਦੇ ਮੀਡੀਆ ਸਲਾਹਕਾਰ ਨੇ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ। ਵਾਇਰਲ ਪੋਸਟ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ ਨੇ ਗੁੰਮਰਾਹਕੁਨ ਪ੍ਰਚਾਰ ਨੂੰ ਲੈ ਕੇ ਬਿਆਨ ਜਾਰੀ ਕੀਤਾ ਹੈ ਅਤੇ ਅਫਵਾਹਾਂ ਤੋਂ ਸੁਚੇਤ ਰਹਿਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸਕੱਤਰੇਤ ਦੇ ਧਿਆਨ ਵਿੱਚ ਆਇਆ ਹੈ ਕਿ ਸੋਸ਼ਲ ਮੀਡੀਆ ’ਤੇ ਕੁਝ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਹਵਾਲੇ ਨਾਲ ਰਾਮ ਮੰਦਰ ਉਦਘਾਟਨ ਦੇ ਮੁੱਦੇ ‘ਤੇ ਤਰ੍ਹਾਂ-ਤਰ੍ਹਾਂ ਦਾ ਗੁੰਮਰਾਹਕੁੰਨ ਪ੍ਰਚਾਰ ਕਰ ਰਹੇ ਹਨ। ਅਜਿਹੇ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਕਿਸੇ ਵੀ ਤਰ੍ਹਾਂ ਦੀ ਬਿਆਨਬਾਜ਼ੀ ਕਰਨ ਲਈ ਅਧਿਕਾਰਤ ਨਹੀਂ ਹਨ ਅਤੇ ਇਸ ਤਰ੍ਹਾਂ ਦੀਆਂ ਅਪੁਸ਼ਟ ਅਫਵਾਹਾਂ ਫੈਲਾਉਣ ਦਾ ਮਕਸਦ ਕੇਵਲ ਤੇ ਕੇਵਲ ਪੰਥ ਵਿਚ ਦੁਬਿਧਾਵਾਂ ਪੈਦਾ ਕਰਨਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਵਲੋਂ ਸਿੱਖ ਸਿਧਾਂਤਾਂ, ਪਰੰਪਰਾਵਾਂ ਅਤੇ ਗੁਰਬਾਣੀ ਫਲਸਫੇ ਤੋਂ ਸੇਧ ਲੈਂਦਿਆਂ ਕਿਸੇ ਵੀ ਆਦੇਸ਼, ਸੰਦੇਸ਼, ਹੁਕਮਨਾਮਾ ਅਤੇ ਪੰਥਕ ਗੁਰਮਤੇ ਦੀ ਸੂਚਨਾ ਅਧਿਕਾਰਤ ਤੌਰ ’ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜ਼ਿੰਮੇਵਾਰ ਅਧਿਕਾਰੀਆਂ ਵਲੋਂ ਹੀ ਜਾਰੀ ਕੀਤੀ ਜਾਂਦੀ ਹੈ। ਸੰਗਤਾਂ ਅਤੇ ਪੱਤਰਕਾਰ ਭਾਈਚਾਰਾ ਗੁੰਮਰਾਹਕੁੰਨ ਅਫਵਾਹਾਂ ਤੋਂ ਸੁਚੇਤ ਰਹਿਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਵਾਲੇ ਨਾਲ ਕੋਈ ਵੀ ਖ਼ਬਰ/ ਸੂਚਨਾ ਪ੍ਰਸਾਰਿਤ ਕਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਉਸ ਦੀ ਅਧਿਕਾਰਤ ਪ੍ਰਮਾਣਿਕਤਾ ਤੇ ਪੁਸ਼ਟੀ ਕਰਨੀ ਜ਼ਰੂਰੀ ਸਮਝੀ ਜਾਵੇ। ਵਾਇਰਲ ਹੋ ਰਹੀ ਪੋਸਟ ਵਿੱਚ ਪ੍ਰਚਾਰਕ ਅੰਗਰੇਜ਼ ਸਿੰਘ ਨੇ ਪੋਸਟ ਵਿੱਚ ਲਿਖਿਆ ਹੈ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਰਾਮ ਮੰਦਰ ਦੇ ਉਦਘਾਟਨ ਸਮਾਰੋਹ ਦੌਰਾਨ ਅਯੁੱਧਿਆ ਜਾਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਇਸ ਦਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਉਸ ਨੂੰ ਕਿਸੇ ਸਰਕਾਰੀ ਸੰਸਥਾ ਜਾਂ ਵਿਅਕਤੀ ਵੱਲੋਂ ਸੱਦਾ ਨਹੀਂ ਦਿੱਤਾ ਗਿਆ ਹੈ।

# ਅਮਰੀਕਨ ਗੁਰਦੁਆਰਿਆਂ ‘ਚ ਸਿੱਖ ਪ੍ਰਚਾਰਕ ਗਿਆਨੀ ਸ਼ੇਰ ਸਿੰਘ ਦਾ ਬਾਈਕਾਟ



ਸਿਆਟਲ-ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ. ਜੀ. ਪੀ. ਸੀ.), ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸ. ਸੀ. ਸੀ. ਈ. ਸੀ.), ਅਮਰੀਕੀ ਸਿੱਖ ਜਥੇਬੰਦੀਆਂ ਅਤੇ ਅਮਰੀਕੀ ਗੁਰਦੁਆਰਿਆਂ ਦੇ 147 ਤੋਂ ਵੱਧ ਨੁਮਾਇੰਦਿਆਂ ਦੀ ਇਕ ਸਾਂਝੀ ਟੈਲੀ-ਕਾਨਫ਼ਰੰਸ ਬੀਤੇ ਦਿਨ ਹੋਈ, ਜਿਸ ਵਿਚ ਮੌਜੂਦਾ ਚਿੰਤਾਜਨਕ ਸਥਿਤੀ ਬਾਰੇ ਲੰਮੀ ਵਿਚਾਰ-ਚਰਚਾ ਕੀਤੀ ਗਈ । ਇਸ ਟੈਲੀ-ਮੀਟਿੰਗ 'ਚ ਭਾਰਤੀ ਏਜੰਸੀਆਂ ਦੁਆਰਾ ਸਿੱਖ ਪ੍ਰਚਾਰਕ ਗਿਆਨੀ ਸ਼ੇਰ ਸਿੰਘ ਰਾਹੀਂ ਸਿੱਖ ਗੁਰਦੁਆਰਿਆਂ 'ਚ ਘੁਸਪੈਠ ਕੀਤੀ ਜਾ ਰਹੀ ਹੈ ਤਾਂ ਕਿ ਸਿੱਖਾਂ 'ਚ ਭੰਬਲਭੂਸਾ ਪੈਦਾ ਕੀਤਾ ਜਾ ਸਕੇ ।ਇਸ ਟੈਲੀ-ਮੀਟਿੰਗ ਵਿਚ ਭਾਈ ਨਿੱਝਰ ਦੇ ਕਤਲ ਅਤੇ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਦੀ ਸਾਜ਼ਿਸ਼ ਘੜਨ ਲਈ ਭਾਰਤ ਸਰਕਾਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਅਮਰੀਕਾ ਅਤੇ ਕੈਨੇਡਾ ਸਰਕਾਰਾਂ ਦਾ ਧੰਨਵਾਦ ਵੀ ਕੀਤਾ ਗਿਆ ।

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਮੀਟਿੰਗ ਵਿਚ ਕਈ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ, ਜਿਸ ਵਿਚ ਨਕਲੀ ਸਿੱਖ ਮਖੌਟਾ ਪਾ ਕੇ ਬਣੇ ਸਿੱਖ ਪ੍ਰਚਾਰਕ ਗਿਆਨੀ ਸ਼ੇਰ ਸਿੰਘ ਦੇ ਅਮਰੀਕਾ ਦੇ ਸਾਰੇ ਗੁਰਦੁਆਰਿਆਂ ਦੀਆਂ ਸਟੇਜਾਂ 'ਤੇ ਬੋਲਣ ਦੀ ਪਾਬੰਦੀ ਲਗਾਈ ਗਈ ਹੈ ।ਇਸ ਦੇ ਨਾਲ ਹੀ ਗਿਆਨੀ ਸ਼ੇਰ ਸਿੰਘ ਦੁਆਰਾ ਗੁੰਮਰਾਹ ਕੀਤੇ ਹੋਏ ਨੌਜਵਾਨ ਸਾਥੀਆਂ, ਨਿਹੰਗ ਬਲਬੀਰ ਸਿੰਘ ਬੁੱਢਾ ਦਲ (ਸੰਤਾ ਸਿੰਘ) ਨੂੰ ਵੀ ਅਮਰੀਕਾ ਦੇ ਗੁਰੂ ਘਰਾਂ ਵਿਚ ਬੋਲਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ । ਹਿੰਮਤ ਸਿੰਘ ਨੇ ਕਿਹਾ ਕਿ ਗਿਆਨੀ ਸ਼ੇਰ ਸਿੰਘ ਨੇ ਪੰਥ ਵਿਰੋਧੀ ਕਾਰਵਾਈਆਂ ਤਹਿਤ ਆਰ.ਐਸ.ਐਸ. ਦੀ ਸ਼ਾਖਾ ਹਿੰਦੂ ਫੋਰਮ ਕੈਨੇਡਾ ਦੇ ਮੁਖੀ ਰਾਓ ਯੇਨਦਮੁਰੀ ਦੇ ਘਰ ਖਾਣੇ 'ਤੇ ਵਿਸ਼ੇਸ਼ ਮਹਿਮਾਨ ਬਣਨਾ, ਇਕ ਭਾਰਤੀ ਹਿੰਦੂ ਬਾਬੇ ਨੂੰ ਮੱਥਾ ਟੇਕਣਾ, ਗੁਰੂ ਸਾਹਿਬ ਦੀ ਬਖ਼ਸ਼ਿਸ਼ ਦਸਤਾਰ ਦਾ ਨਿਰਾਦਰ ਕਰਨਾ, ਸਿੱਖ ਨੌਜਵਾਨਾਂ ਨੂੰ ਕੁਰਾਹੇ ਪਾਉਣਾ, ਨਾਬਾਲਗ ਸਿੱਖ ਬੱਚਿਆਂ ਨੂੰ ਗ਼ੈਰ-ਕਾਨੂੰਨੀ ਨਸ਼ੇ (ਭੰਗ) ਸੁੱਖਾ ਆਦਿ 'ਤੇ ਲਗਾਉਣਾ ਅਤੇ ਸਿੱਖ ਸਿਧਾਂਤਾਂ ਨਾਲ ਕੋਝੀ ਖਿਲਵਾੜ ਕਰਨਾ ਸ਼ਾਮਿਲ ਹੈ । ਉਨ੍ਹਾਂ ਕਿਹਾ ਕਿ ਪੰਜ ਸਾਲ ਪਹਿਲਾਂ ਭਾਰਤੀ ਡਿਪਲੋਮੈਂਟਾਂ ਅਤੇ ਭਾਰਤੀ ਸਿਆਸਤਦਾਨਾਂ ਦੇ ਗੁਰਦੁਆਰਿਆਂ ਵਿਚ ਬੋਲਣ 'ਤੇ ਲਾਈ ਪਾਬੰਦੀ ਨਿਰੰਤਰ ਜਾਰੀ ਰਹੇਗੀ । ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਡਾ. ਪ੍ਰਿਪਾਲ ਸਿੰਘ ਕੋਆਰਡੀਨੇਟਰ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਜਿੰਦਰ ਸਿੰਘ ਸਪੋਕਸਮੈਨ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ, ਸਿੱਖ ਵਿਦਵਾਨ ਸਤਪਾਲ ਸਿੰਘ ਪੁਰੇਵਾਲ ਸਮੇਤ ਕਈ ਹੋਰ ਸਿੱਖ ਵਿਦਵਾਨ ਵੀ ਸ਼ਾਮਿਲ ਹੋਏ ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਵਿਦੇਸ਼ ਜਾਣ ਵਾਲਿਆਂ ‘ਚੋਂ 75 ਫ਼ੀਸਦੀ ਨੇ ਛੱਡਿਆ ਪੰਜਾਬ

ਪੰਜਾਬੀ ਨੌਜਵਾਨਾਂ ’ਚ ਦੇਸ਼-ਵਿਦੇਸ਼ ਜਾ ਕੇ ਘੁੰਮਣ ਤੇ ਉੱਥੇ ਹੀ ਸੈਟਲ ਹੋਣ ਦੀ ਤਾਂਘ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਹੁਣ ਇਹ ਖ਼ਾਹਿਸ਼ ਇੰਨੀ ਜ਼ਿਆਦਾ ਵਧ ਗਈ ਹੈ ਕਿ ਉਹ ਇਸ ਲਈ ਕਿਸੇ ਵੀ ਹੱਦ ਤੱਕ ਚਲੇ ਜਾਣਾ ਚਾਹੁੰਦੇ ਹਨ। ਪੰਜਾਬੀ ਨੌਜਵਾਨਾਂ ’ਚ ਦੇਸ਼-ਵਿਦੇਸ਼ ਜਾ ਕੇ ਘੁੰਮਣ ਤੇ ਉੱਥੇ ਹੀ ਸੈਟਲ ਹੋਣ ਦੀ ਤਾਂਘ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਹੁਣ ਇਹ ਖ਼ਾਹਿਸ਼ ਇੰਨੀ ਜ਼ਿਆਦਾ ਵਧ ਗਈ ਹੈ ਕਿ ਉਹ ਇਸ ਲਈ ਕਿਸੇ ਵੀ ਹੱਦ ਤੱਕ ਚਲੇ ਜਾਣਾ ਚਾਹੁੰਦੇ ਹਨ। ਪੰਜਾਬ ਵਿੱਚ ਸਕੂਲਾਂ ਕਾਲਜਾਂ ਨਾਲੋਂ ਹਰ ਨੁੱਕਰੇ-ਆਈਲੈਟਸ ਸੈਂਟਰ ਵਧੇਰੇ ਖੁੱਲ ਚੁੱਕੇ ਹਨ। ਉਚੇਰੀ ਸਿੱਖਿਆ ਵਿੱਚ ਵਿਦਿਆਰਥੀਆਂ ਦੀ ਇਨਰੋਲਮੈਂਟ ਘਟ ਚੁੱਕੀ ਹੈ, ਸਰਕਾਰੀ ਕਾਲਜ ਖਾਲੀ ਹੋ ਚੁੱਕੇ ਹਨ। ਪੋਸਟ ਗ੍ਰੈਜੂਏਟ ਕੋਰਸ ਬਹੁਤੇ ਕਾਲਜਾਂ ’ਚ ਬੰਦ ਹੋਣ ਦੇ ਕੰਢੇ ਹਨ। ਹਰ ਬੱਚਾ, ਬਾਰ੍ਹਵੀਂ ਜਮਾਤ ਕਰਨ ਤੋਂ ਬਾਅਦ ਬੈਂਡ ਲੈ ਕੈਨੇਡਾ ਜਾਣ ਦਾ ਚਾਹਵਾਨ ਹੈ। ਉਹਨਾਂ ਨੂੰ ਕਿਸੇ ਸਕਿੱਲ ਜਾਂ ਤਕਨੀਕੀ ਕੋਰਸ ਦਾ ਪਤਾ ਨਹੀਂ ਹੁੰਦਾ। ਬਾਕੀ ਰਹਿੰਦਾ ਕੰਮ ਆਈਲੈਟਸ ਸੈਂਟਰ ਚਲਾਉਣ ਵਾਲੇ ਪੂਰਾ ਕਰਦੇ ਹਨ। ਕਿਸੇ ਵੀ ਆਏ-ਗਏ ਕੋਰਸ ਵਿੱਚ ਦਾਖਲਾ ਕਰਵਾ ਇੱਕ ਵਾਰ ਤਾਂ ਕੈਨੇਡਾ ਧੱਕ ਦਿੰਦੇ ਹਨ ।

ਪੀ. ਆਰ. ਤੋਂ ਬਾਅਦ ਕਈ ਕੋਰਸਾਂ ਦੀ ਕੋਈ ਕੀਮਤ ਨਾ ਹੋਣ ਕਾਰਣ ਨੌਜਵਾਨੀ ਦੁਚਿੱਤੀ ਵਿੱਚ ਪਈ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਂਦੀ ਹੈ। ਨਤੀਜਾ ਆਤਮ-ਹੱਤਿਆਵਾਂ ਵਰਗੇ ਕੇਸ ਵੱਧ ਰਹੇ ਹਨ।

ਸੂਬੇ ਦੇ 13.34 ਫੀਸਦੀ ਪੇਂਡੂ ਪਰਿਵਾਰਾਂ ਵਿੱਚੋਂ ਘੱਟੋ-ਘੱਟ ਇੱਕ ਮੈਂਬਰ ਪਰਵਾਸ ਕਰ ਗਿਆ ਹੈ। ਇਸ ਸਰਵੇਖਣ ਅਨੁਸਾਰ ਵਿਦੇਸ਼ ਜਾਣ ਦੇ ਮਾਮਲੇ ਵਿਚ ਮਝੈਲ (20.51 ਫ਼ੀਸਦੀ) ਹੁਣ ਮੋਹਰੀ ਹਨ। ਗੁਰਦਾਸਪੁਰ ਤੇ ਤਰਨਤਾਰਨ ਜ਼ਿਲ੍ਹਿਆਂ ਦੇ ਵਾਸੀ ਸਭ ਤੋਂ ਜ਼ਿਆਦਾ ਵਿਦੇਸ਼ ਜਾ ਰਹੇ ਹਨ। ਦੂਜੇ ਨੰਬਰ ’ਤੇ ਮਲਵਈ (14.28 ਫ਼ੀਸਦੀ) ਅਤੇ ਤੀਜੇ ’ਤੇ ਦੁਆਬੀਏ (11.27 ਫ਼ੀਸਦੀ) ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ 2023 ਦੌਰਾਨ ਇਕ ਲੱਖ ਤੋਂ ਵੱਧ ਪੰਜਾਬੀਆਂ ਨੇ ਵਿਦੇਸ਼ ਜਾਣਾ ਪਸੰਦ ਕੀਤਾ ਤੇ ਇਸ ਗਿਣਤੀ ’ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਹ ਗਿਣਤੀ ਬਹੁਤ ਜ਼ਿਆਦਾ ਹੈ। ਇਕ ਨੌਜਵਾਨ ਨੂੰ ਆਪਣੇ ਸੁਫ਼ਨੇ ਪੂਰੇ ਕਰਨ ਲਈ ਔਸਤਨ 15 ਤੋਂ 25 ਲੱਖ ਰੁਪਏ ਖ਼ਰਚ ਕਰਨੇ ਪੈਂਦੇ ਹਨ ਅਤੇ ਕੁਝ ਨੂੰ ਤਾਂ ਇਸ ਤੋਂ ਵੀ ਜ਼ਿਆਦਾ ਰਕਮ ਖ਼ਰਚ ਕਰਨੀ ਪੈਂਦੀ ਹੈ। ਘੱਟ ਪੜ੍ਹੇ-ਲਿਖੇ ਜਾਂ ਗ਼ੈਰ-ਹੁਨਰਮੰਦ ਨੌਜਵਾਨਾਂ ਤੋਂ 30 ਤੋਂ 35 ਲੱਖ ਰੁਪਏ ਲੈ ਕੇ ਗ਼ੈਰ-ਕਾਨੂੰਨੀ ਤਰੀਕੇ ਅਮਰੀਕਾ ਜਾਂ ਕੈਨੇਡਾ ਦੇ ਬਾਰਡਰ ਪਾਰ ਕਰਵਾਏ ਜਾਂਦੇ ਹਨ। ਇਸ ਸਾਰੀ ਪ੍ਰਕਿਰਿਆ ਦੌਰਾਨ ਉਨ੍ਹਾਂ ਦੀ ਜਾਨ ਨੂੰ ਸੌ ਫ਼ੀਸਦੀ ਖ਼ਤਰਾ ਹੁੰਦਾ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਕੋਈ ਡਰ ਨਹੀਂ ਲੱਗਦਾ ਸਗੋਂ ਵਿਦੇਸ਼ ਜਾਣ ਲਈ ਉਹ ਹਰ ਤਰ੍ਹਾਂ ਦਾ ਖ਼ਤਰਾ ਝੱਲਣ ਵਾਸਤੇ ਤਿਆਰ ਹੁੰਦੇ ਹਨ।

ਰਿਸਰਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਪੰਜਾਬ ਛੱਡ ਕੇ ਜਾਣ ਵਾਲੇ 42 ਫੀਸਦੀ ਲੋਕਾਂ ਕੈਨੇਡਾ ਗਏ ਹਨ । ਇਸ ਵਿੱਚ ਦੁਬਈ 16,ਆਸਟ੍ਰੇਲੀਆ 10,ਇਟਲੀ 6,ਯੂਰੋਪ ਅਤੇ ਇੰਗਲੈਂਡ 3-3 ਫੀਸਦੀ ਲੋਕ ਗਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਛੱਡ ਕੇ ਵਿਦੇਸ਼ ਜਾਣ ਵਾਲੇ ਲੋਕਾਂ ਦੀ 74 ਫੀਸਦੀ ਲੋਕ 2016 ਦੇ ਬਾਅਦ ਬਾਹਰ ਗਏ ਹਨ ।ਇਸ ਪਰਵਾਸ ਲਈ ਬਹੁਤੇ ਲੋਕ ਆਪਣੇ ਘਰ, ਜਾਇਦਾਦ, ਸੋਨਾ ਇੱਥੋਂ ਤੱਕ ਕਿ ਟਰੈਕਟਰ ਵੀ ਵੇਚ ਰਹੇ ਹਨ। ਰੁਜ਼ਗਾਰ ਦੇ ਮੌਕਿਆਂ ਦੀ ਘਾਟ, ਭ੍ਰਿਸ਼ਟ ਸਿਸਟਮ ਅਤੇ ਨਸ਼ਿਆਂ ਦਾ ਵਧਦਾ ਪ੍ਰਚਲਨ ਪਰਵਾਸ ਦੇ ਮੁੱਖ ਕਾਰਨ ਹਨ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਵਿਭਾਗ ਦੇ ਤਾਜ਼ਾ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ। ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਪੰਜਾਬ ਛੱਡਣ ਵਾਲਿਆਂ ਵਿਚ 42 ਫੀਸਦੀ ਲੋਕਾਂ ਦਾ ਪਸੰਦੀਦਾ ਦੇਸ਼ ਕੈਨੇਡਾ ਹੈ। ਇਸ ਤੋਂ ਬਾਅਦ 16 ਫੀਸਦੀ ਲੋਕ ਦੁਬਈ, ਆਸਟ੍ਰੇਲੀਆ 10, ਇਟਲੀ 6, ਯੂਰਪ ਅਤੇ ਇੰਗਲੈਂਡ 3-3 ਫੀਸਦੀ ਲੋਕ ਪਹੁੰਚ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਛੱਡ ਕੇ ਦੂਜੇ ਦੇਸ਼ਾਂ ਵਿਚ ਜਾਣ ਵਾਲੇ 74 ਫੀਸਦੀ ਲੋਕ ਸਾਲ 2016 ਤੋਂ ਬਾਅਦ ਬਾਹਰ ਚਲੇ ਗਏ ਹਨ। ਅਧਿਐਨ ਕਰਨ ਵਾਲੀ ਟੀਮ ਵਿੱਚ ਪ੍ਰੋਫੈਸਰ ਸ਼ਾਲਿਨੀ ਸ਼ਰਮਾ, ਪ੍ਰੋਫੈਸਰ ਮਨਜੀਤ ਕੌਰ ਅਤੇ ਸਹਾਇਕ ਪ੍ਰੋਫੈਸਰ ਅਮਿਤ ਗੁਲੇਰੀਆ ਸ਼ਾਮਲ ਸਨ।

ਅਧਿਐਨ ਤੋਂ ਪਤਾ ਲੱਗਾ ਹੈ ਕਿ ਸਟੱਡੀ ਵੀਜ਼ਾ ‘ਤੇ ਵਿਦੇਸ਼ ਜਾਣ ਵਾਲਿਆਂ ‘ਚ ਔਰਤਾਂ ਦੀ ਗਿਣਤੀ 65 ਫੀਸਦੀ ਜਦਕਿ ਮਰਦਾਂ ਦੀ ਗਿਣਤੀ 35 ਫੀਸਦੀ ਸੀ। ਔਰਤਾਂ ਇਸ ਮਾਮਲੇ ਵਿੱਚ ਮਰਦਾਂ ਤੋਂ ਅੱਗੇ ਹਨ। ਕਈ ਪਰਿਵਾਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਆਪਣੇ ਲੜਕਿਆਂ ਦੇ ਵਿਆਹ ਲਈ ਲੜਕੀਆਂ ਨਹੀਂ ਮਿਲ ਰਹੀਆਂ।ਪਿੰਡਾਂ ਵਿਚ ਤਾਂ ਲੜਕੀਆਂ ਧੜਾਧੜ ਬਾਹਰ ਜਾ ਰਹੀਆਂ ਹਨ।ਅਧਿਐਨ ਦੇ ਅਨੁਸਾਰ, ਲਗਭਗ 56 ਪ੍ਰਤੀਸ਼ਤ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਪੈਸੇ ਉਧਾਰ ਲਏ ਹਨ। ਪਰਵਾਸੀ ਪਰਿਵਾਰਾਂ ਵੱਲੋਂ ਉਧਾਰ ਲਈ ਗਈ ਔਸਤ ਰਕਮ 3.13 ਲੱਖ ਰੁਪਏ ਪ੍ਰਤੀ ਪਰਿਵਾਰ ਸੀ। ਪ੍ਰਤੀ ਪਰਵਾਸੀ ਪਰਿਵਾਰ ਦੇ ਕੁੱਲ ਉਧਾਰ ਵਿੱਚੋਂ, ਗੈਰ-ਸੰਸਥਾਗਤ ਉਧਾਰ 38.8 ਪ੍ਰਤੀਸ਼ਤ ਅਤੇ ਸੰਸਥਾਗਤ ਉਧਾਰ 61.2 ਪ੍ਰਤੀਸ਼ਤ ਸੀ। ਰਾਜ ਪੱਧਰ ‘ਤੇ ਪ੍ਰਵਾਸ ਲਈ ਲਗਭਗ 14,342 ਕਰੋੜ ਰੁਪਏ ਉਧਾਰ ਲਏ ਗਏ ਸਨ।

ਅਧਿਐਨ ਦਾ ਅਨੁਮਾਨ ਹੈ ਕਿ ਇਸ ਪ੍ਰਵਾਸ ਨੂੰ ਰੋਕਣ ਲਈ ਹੁਨਰ ਵਿਕਾਸ, ਉੱਦਮਤਾ ਅਤੇ ਕਿੱਤਾਮੁਖੀ ਸਿਖਲਾਈ ਰਾਹੀਂ ਰੁਜ਼ਗਾਰ ਪੈਦਾ ਕਰਨ ਅਤੇ ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਨ ਦੀ ਫੌਰੀ ਲੋੜ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਗੈਰ-ਵਿਹਾਰਕ ਅਤੇ ਆਰਥਿਕ ਤੌਰ ‘ਤੇ ਸੁਸਤ ਖੇਤੀ ਸੈਕਟਰ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ ਜੋ ਕਿ ਸਰਕਾਰੀ ਦਖਲ ਅਤੇ ਸਹਾਇਤਾ ਤੋਂ ਬਿਨਾਂ ਸੰਭਵ ਨਹੀਂ ਹੈ। ਰਿਪੋਰਟ ਪੇਸ਼ ਕਰਨ ਵੇਲੇ ਰਿਸਰਚ ਦੌਰਾਨ 22 ਜ਼ਿਲ੍ਹਿਆਂ ਦੇ 9,492 ਘਰਾਂ ਦਾ ਸਰਵੇਂ ਕੀਤਾ ਗਿਆ ਹੈ। ਜਿੰਨਾਂ ਵਿੱਚ 44 ਪਿੰਡ ਸ਼ਾਮਲ ਹਨ ।ਇਸ ਪ੍ਰਵਾਸ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰਾਂ ਨੂੰ ਕਿੱਤਾਮੁਖੀ ਸਿਖਿਆ ਉੱਪਰ ਜੋਰ ਦਿੱਤਾ ਜਾਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਆਪਣੇ ਵਿਵਹਾਰ ਵਿੱਚ ਤਬਦੀਲੀ ਲਿਆਉਣੀ ਚਾਹੀਦੀ ਹੈ ਕਿ ਉਹ ਪੰਜਾਬ ਵਿੱਚ ਵੀ ਬੁਲੰਦੀਆਂ ਨੂੰ ਛੋਹ ਸਕਦੇ ਹਨ ਜੇਕਰ ਉਹ ਦਿਨ ਰਾਤ ਜਿਹੜੀ ਮਿਹਨਤ ਬਾਹਰਲੇ ਮੁਲਕਾਂ ਵਿੱਚ ਕਰਦੇ ਹਨ, ਪੰਜਾਬ ਵਿੱਚ ਕਰਨ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*15 ਜਨਵਰੀ ਦਿਨ ਸੋਮਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਤੇ ਅਖੰਡਪਾਠ ਸਾਹਿਬ ਆਰੰਭ ਹੋਣਗੇ ਜਿਸਦੀ ਸੇਵਾ ਦੀਪ ਟਾਇਰ ਕੰਪਨੀ ਦੇ ਪਰਿਵਾਰ ਅਤੇ ਸੰਗਤਾਂ ਵੱਲੋਂ ਹੋਵੇਗੀ।
*16 ਜਨਵਰੀ ਦਿਨ ਮੰਗਲਵਾਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਬਲਜਿੰਦਰ ਸਿੰਘ ਕੰਗ ਤੇ ਬੀਬੀ ਸਤਵੀਰ ਕੌਰ ਕੰਗ ਪਰਿਵਾਰ ਵੱਲੋਂ
*17 ਜਨਵਰੀ ਦਿਨ ਬੁੱਧਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਤੇ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਦੀਵਾਨ ਸਜਣਗੇ।
*17 ਜਨਵਰੀ ਦਿਨ ਬੁੱਧਵਾਰ ਦੁਪਹਿਰ 12.30 ਵਜੇ ਇਕਬਾਲ ਸਿੰਘ ਨਮਿੱਤ ਅੰਤਮ ਅਰਦਾਸ ਤੇ ਭੋਗ ਸਹਿਜ ਪਾਠ
*18 ਜਨਵਰੀ ਦਿਨ ਵੀਰਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸੇਵਾ ਬਲਜਿੰਦਰ ਸਿੰਘ ਕੰਗ ਪਰਿਵਾਰ ਵੱਲੋਂ
*18 ਜਨਵਰੀ ਦਿਨ ਵੀਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸੇਵਾ ਮਨਜੀਤ ਸਿੰਘ ਖਹਿਰਾ ਪਰਿਵਾਰ ਵੱਲੋਂ
*19 ਜਨਵਰੀ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਭਾਈ ਰਣਜੀਤ ਸਿੰਘ ਪਰਿਵਾਰ ਵੱਲੋਂ
*20 ਜਨਵਰੀ ਦਿਨ ਸ਼ਨਿਚਰਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਮਨਜੀਤ ਸਿੰਘ ਖਹਿਰਾ ਪਰਿਵਾਰ ਵੱਲੋਂ
*21 ਜਨਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਰਣਜੀਤ ਸਿੰਘ ਪਰਿਵਾਰ ਵੱਲੋਂ
*22 ਜਨਵਰੀ ਦਿਨ ਸੋਮਵਾਰ ਸੰਧੂ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 24 ਜਨਵਰੀ ਦਿਨ ਬੁੱਧਵਾਰ ਨੂੰ ਪਾਏ ਜਾਣਗੇ
*24 ਜਨਵਰੀ ਦਿਨ ਬੁੱਧਵਾਰ ਭੋਗ ਸ੍ਰੀ ਅਖੰਡ ਸਵਰਨ ਸਿੰਘ ਮੇਹਰ ਸਿੰਘ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 26 ਜਨਵਰੀ ਦਿਨ ਸ਼ੁੱਕਰਵਾਰ ਨੂੰ ਭੋਗ ਪਾਏ ਜਾਣਗੇ।
*26 ਜਨਵਰੀ ਦਿਨ ਸ਼ੁੱਕਰਵਾਰ ਦੀਪ ਟਾਇਰ ਕੰਪਨੀ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ।
*26 ਜਨਵਰੀ ਦਿਨ ਸ਼ੁੱਕਰਵਾਰ ਕਾਕਾ ਮਨਿੰਦਰ ਸਿੰਘ ਮਾਨ ਦਾ ਅਨੰਦ ਕਾਰਜ ਹੋਵੇਗਾ।

ਨੋਟ:1 ਦਸੰਬਰ ਤੋਂ 4 ਫਰਵਰੀ ਤੱਕ ਰੋਜਾਨਾ ਸਿਮਰਨ ਬਾਬਾ ਜਗਜੀਤ ਸਿੰਘ ਖਾਰੇ ਵਾਲੇ ਅਤੇ ਭਾਈ ਕੁਲਦੀਪ ਸਿੰਘ ਰਸੀਲਾ ਸਮੂਹ ਸੰਗਤੀ ਰੂਪ ਵਿਚ ਸ਼ਾਮ 5.30 ਤੋਂ 6.30 ਵਜੇ ਤੱਕ ਕਰਿਆ ਕਰਨਗੇ, ਉਪਰੰਤ ਗੁਰਬਾਣੀ ਕਥਾ ਭਾਈ ਜਸਵੀਰ ਸਿੰਘ ਜੀ ਖੜਗ ਸ਼ਾਮ 6.30 ਤੋ 7.15 ਵਜੇ ਤੱਕ ਰੋਜਾਨਾ ਕਰਨਗੇ।27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ।ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।

ਰਾਗੀ ਜੱਥੇ
ਭਾਈ ਕੁਲਦੀਪ ਸਿੰਘ ਰਸੀਲਾ

ਕਥਾਵਾਚਕ
ਭਾਈ ਜਸਵੀਰ ਸਿੰਘ ਖੜਗ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਮੋਦੀ ਰਾਜ ਦੌਰਾਨ ਬੇਰੁਜ਼ਗਾਰੀ ਨੇ 45 ਸਾਲਾਂ ਦਾ ਰਿਕਾਰਡ ਤੋੜ ਕੇ ਨੌਜਵਾਨਾਂ ਦਾ ਭਵਿੱਖ ਧੁੰਦਲਾ ਕੀਤਾ

ਮੋਦੀ ਨੇ ਜਦੋਂ 2014 ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਹਾਸਲ ਕੀਤਾ ਸੀ ਤਾਂ ਦੇਸ਼ ਸਿਰ 55 ਲੱਖ ਕਰੋੜ ਦਾ ਕਰਜ਼ਾ ਸੀ, ਪਰ ਮੋਦੀ ਦੇ 10 ਸਾਲਾ ਰਾਜ ਦੌਰਾਨ ਅੱਜ ਇਹ 205 ਲੱਖ ਕਰੋੜ ਹੋ ਗਿਆ ਹੈ । ਮੋਦੀ ਦੇਸ਼ ਨੂੰ ਵਿਕਸਤ ਭਾਰਤ ਬਣਾਉਣ ਦੀਆਂ ਲਗਾਤਾਰ ਟਾਹਰਾਂ ਮਾਰਦੇ ਰਹਿੰਦੇ ਹਨ, ਪਰ ਹਾਲਤ ਇਹ ਹੈ ਕਿ ਅਮੀਰਾਂ ਦੀ ਅਮੀਰੀ ਵਧ ਰਹੀ ਹੈ ਤੇ ਦੂਜੇ ਪਾਸੇ ਗਰੀਬਾਂ ਦੀ ਗਿਣਤੀ ਵਧ ਰਹੀ ਹੈ ।ਇਸ ਸਮੇਂ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜ਼ਾਰਨ ਵਾਲੇ ਲੋਕਾਂ ਦੀ ਗਿਣਤੀ ਵਧ ਕੇ 22 ਫ਼ੀਸਦੀ ਤੋਂ ਟੱਪ ਗਈ ਹੈ । ਭਾਰਤ ਦੇ 80 ਕਰੋੜ ਲੋਕ ਸਰਕਾਰ ਵੱਲੋਂ ਦਿੱਤੇ ਜਾਂਦੇ 5 ਕਿਲੋ ਅਨਾਜ ਉੱਤੇ ਗੁਜ਼ਾਰਾ ਕਰ ਰਹੇ ਹਨ।

ਭਾਰਤ ਵਿੱਚ ਬੇਰੁਜ਼ਗਾਰੀ ਨੇ 45 ਸਾਲਾਂ ਦਾ ਰਿਕਾਰਡ ਤੋੜ ਕੇ ਨੌਜਵਾਨਾਂ ਦਾ ਭਵਿੱਖ ਧੁੰਦਲਾ ਕਰ ਦਿੱਤਾ ਹੈ । ਸਮਾਜਿਕ ਅਨਿਆਂ ਤੇ ਸਮਾਜ ਵਿੱਚ ਫੈਲੀ ਨਫ਼ਰਤ ਨੇ ਇਸ ਦੇਸ਼ ਨੂੰ ਰਹਿਣ ਦੇ ਕਾਬਲ ਨਹੀਂ ਛੱਡਿਆ ।ਸਿੱਟੇ ਵਜੇ ਦੇਸ਼ ਦੇ ਅਮੀਰ-ਗਰੀਬ ਦੇਸ਼ ਵਿੱਚੋਂ ਬਾਹਰ ਨਿਕਲਣ ਲਈ ਕਤਾਰਾਂ ਬੰਨ੍ਹੀ ਖੜ੍ਹੇ ਹਨ ।ਪਿਛਲੇ ਦਿਨੀਂ ਫ਼ਰਾਂਸ ਨੇ 303 ਭਾਰਤੀਆਂ ਨੂੰ ਨਿਕਾਰਾਗੂਆ ਲੈ ਕੇ ਜਾ ਰਹੇ ਇੱਕ ਜਹਾਜ਼ ਨੂੰ ਰੋਕ ਲਿਆ ਸੀ । ਇਨ੍ਹਾਂ ਲੋਕਾਂ ਨੇ ਨਿਕਾਰਾਗੂਆ ਪਹੁੰਚ ਕੇ ਗੈਰਕਾਨੂੰਨੀ ਸਰਹੱਦ ਪਾਰ ਕਰਕੇ ਕੈਨੇਡਾ ਜਾਂ ਅਮਰੀਕਾ ਜਾਣਾ ਸੀ ।ਇਨ੍ਹਾਂ ਵਿੱਚੋਂ ਅੱਧੇ ਉਸ ਗੁਜਰਾਤ ਦੇ ਸਨ, ਜਿਸ ਦੇ ਵਿਕਾਸ ਮਾਡਲ ਦਾ ਪ੍ਰਧਾਨ ਮੰਤਰੀ ਹਰ ਵੇਲੇ ਢੰਡੋਰਾ ਪਿੱਟਦੇ ਰਹਿੰਦੇ ਹਨ ।ਮਨੁੱਖੀ ਤਸਕਰੀ ਦੇ ਦੋਸ਼ ਤਹਿਤ ਫਰਾਂਸ ਤੋਂ ਭਾਰਤ ਮੋੜੇ ਗਏ ਜਹਾਜ਼ ਬਾਰੇ ਹੁਣ ਵੱਡੇ ਖੁਲਾਸੇ ਹੋਣ ਲੱਗੇ ਹਨ। ਮਨੁੱਖੀ ਤਸਕਰੀ ਦਾ ਪੂਰਾ ਨੈੱਟਵਰਕ ਦਿੱਲੀ ’ਚ ਕੇਂਦਰਤ ਸੀ। ਇਸ ਵਿੱਚ ਜ਼ਿਆਦਾਤਰ ਏਜੰਟ ਪੰਜਾਬ ਤੇ ਗੁਜਰਾਤ ਤੋਂ ਹਨ। ਇਹ ਵੀ ਖੁਲਾਸਾ ਹੋਇਆ ਹੈ ਕਿ ਅਮਰੀਕੀ ਸਰਹੱਦ ’ਤੇ ਫੜੇ ਜਾਣ ’ਤੇ ਪੰਜਾਬੀ ਯਾਤਰੀ ਖ਼ੁਦ ਨੂੰ ਖਾਲਿਸਤਾਨੀ ਦੱਸ ਕੇ ਪਨਾਹ ਲੈਂਦੇ ਹਨ।

ਦਰਅਸਲ ਭਾਰਤੀ ਨਾਗਰਿਕਾਂ ਨਾਲ ਭਰਿਆ ਨਿਕਾਰਾਗੁਆ ਜਾ ਰਿਹਾ ਜਹਾਜ਼ ਫਰਾਂਸ ’ਚ ਰੋਕੇ ਜਾਣ ਤੋਂ ਕਈ ਹਫਤਿਆਂ ਬਾਅਦ ਗੁਜਰਾਤ ਪੁਲਿਸ (ਸੀਆਈਡੀ) ਨੇ 14 ਏਜੰਟਾਂ ਵਿਰੁੱਧ ਐਫਆਈਆਰ ਦਰਜ ਕੀਤੀ ਹੈ। ਮਨੁੱਖੀ ਤਸਕਰੀ ਦੇ ਦੋਸ਼ ਹੇਠ ਰੋਕੇ ਗਏ ਜਹਾਜ਼ ਨੂੰ ਮਗਰੋਂ ਭਾਰਤ ਵਾਪਸ ਭੇਜ ਦਿੱਤਾ ਗਿਆ ਸੀ। ਹੁਣ ਇਸ ਮਾਮਲੇ ਵਿਚ 10 ਜਨਵਰੀ ਨੂੰ ਐਫਆਈਆਰ ਕੀਤੀ ਗਈ ਸੀ। ਇਨ੍ਹਾਂ 14 ਵਿਚੋਂ ਤਿੰਨ ਏਜੰਟ ਦਿੱਲੀ ਦੇ ਹਨ ਤੇ ਬਾਕੀ ਗੁਜਰਾਤ ਦੇ ਹਨ। ਗੁਜਰਾਤ ਸੀਆਈਡੀ ਦੇ ਏਡੀਜੀਪੀ ਰਾਜ ਕੁਮਾਰ ਪਾਂਡਿਅਨ ਨੇ ਕਿਹਾ ਕਿ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਕਾਰਵਾਈ ਜਾਰੀ ਹੈ। ਪੁਲਿਸ ਨੇ ਦੱਸਿਆ ਕਿ ਗੁਜਰਾਤ ਤੋਂ ਦੁਬਈ ਗਏ 66 ਯਾਤਰੀਆਂ ਤੋਂ ਪੁੱਛਗਿੱਛ ਕੀਤੀ ਗਈ ਹੈ। ਦੁਬਈ ਤੋਂ ਇਹ ਯੂਰੋਪੀਅਨ ਯੂਨੀਅਨ ਵਿਚ ਦਾਖਲ ਹੋਏ ਸਨ।

ਏਡੀਜੀਪੀ ਨੇ ਦੱਸਿਆ ਕਿ ਏਜੰਟਾਂ ਨੇ ਫੜੇ ਜਾਣ ਦੀ ਸੂਰਤ ਵਿੱਚ ਯਾਤਰੀਆਂ ਨੂੰ ਸਕ੍ਰਿਪਟ ਦਿੱਤੀ ਹੋਈ ਸੀ, ਜਿਸ ਦੀ ਮਦਦ ਨਾਲ ਯਾਤਰੀਆਂ ਨੇ ਬਾਰਡਰ ਕੰਟਰੋਲ ਅਥਾਰਿਟੀ ਨੂੰ ਸ਼ਰਨ ਦੇਣ ਲਈ ਮਨਾਉਣਾ ਸੀ। ਉਨ੍ਹਾਂ ਦੱਸਿਆ, ‘ਜੇਕਰ ਉਹ ਗੈਰਕਾਨੂੰਨੀ ਪ੍ਰਵਾਸ ਵਿੱਚ ਨਾ ਫੜੇ ਜਾਂਦੇ ਤਾਂ ਉਨ੍ਹਾਂ ਅਮਰੀਕਾ ਵਿਚਲੇ ਵਿਅਕਤੀਆਂ ਨਾਲ ਸੰਪਰਕ ਕਰਨਾ ਸੀ। ਜੇਕਰ ਫੜੇ ਜਾਂਦੇ ਤਾਂ ਉਨ੍ਹਾਂ ਕੋਲ ਸਕ੍ਰਿਪਟ ਸੀ। ਉਨ੍ਹਾਂ ਨੇ ਦੱਸਿਆ ਕਿ ਉਦਾਹਰਨ ਦੇ ਤੌਰ ’ਤੇ ਪੰਜਾਬ ਵਿੱਚ ਉਨ੍ਹਾਂ ਨੂੰ ਸਕ੍ਰਿਪਟ ਦੇ ਕੇ ਕਿਹਾ ਗਿਆ ਸੀ ਕਿ ਉਹ ਸਰਹੱਦ ਉਤੇ ਖ਼ੁਦ ਨੂੰ ਖਾਲਿਸਤਾਨੀ ਗਰੁੱਪ ਨਾਲ ਸਬੰਧਤ ਦੱਸਣ, ਤਾਂ ਕਿ ਉਨ੍ਹਾਂ ਨੂੰ ਸ਼ਰਨ ਮਿਲ ਸਕੇ। ਗੁਜਰਾਤ ’ਚੋਂ ਗਏ ਵਿਅਕਤੀਆਂ ਨੂੰ ਹੋਰ ਕਹਾਣੀਆਂ ਦੱਸਣ ਲਈ ਕਿਹਾ ਗਿਆ ਸੀ। ਏਜੰਟਾਂ ਦੇ ਕੰਮ ਕਰਨ ਦੇ ਢੰਗ ਬਾਰੇ ਗੱਲ ਕਰਦਿਆਂ ਏਡੀਜੀਪੀ ਨੇ ਕਿਹਾ ਕਿ ਮਨੁੱਖੀ ਤਸਕਰੀ ਦਾ ਇਹ ਕੰਮ ਦਿੱਲੀ ’ਚ ਕੇਂਦਰਤ ਸੀ ਤੇ ਜ਼ਿਆਦਾਤਰ ਏਜੰਟ ਪੰਜਾਬ ਤੋਂ ਹਨ।

ਇੱਕ ਅੰਦਾਜ਼ੇ ਮੁਤਾਬਕ ਹਰ ਸਾਲ 20 ਲੱਖ ਭਾਰਤੀ ਬਦੇਸ਼ਾਂ ਵੱਲ ਹਿਜਰਤ ਕਰ ਜਾਂਦੇ ਹਨ, ਜਿਸ ਨਾਲ ਇਨ੍ਹਾਂ ਦੀ ਅਬਾਦੀ 3 ਕਰੋੜ ਤੋਂ ਟੱਪ ਗਈ ਹੈ ।

ਪ੍ਰਸਿੱਧ ਬੁਧੀਜੀਵੀ ਕੇਪੀ ਨਾਇਰ ਦਾ ਕਹਿਣਾ ਹੈ ਕਿ ਹੈਰਾਨੀਜਨਕ ਗੱਲ ਇਹ ਹੈ ਕਿ ਲੀਜੈਂਡ ਏਅਰਲਾਈਨਜ਼ ਦੀ ਚਾਰਟਰ ਉਡਾਣ ਤੋਂ ਮਹਿਜ਼ ਹਫ਼ਤਾ ਪਹਿਲਾਂ ਵਿਦੇਸ਼ ਮੰਤਰਾਲੇ ਨੇ ਖ਼ਬਰਦਾਰ ਕੀਤਾ ਸੀ ਕਿ “ਵਿਦੇਸ਼ਾਂ ਵਿਚ ਨੌਕਰੀਆਂ ਹਾਸਲ ਕਰਨ ਦੇ ਚਾਹਵਾਨਾਂ ਨੂੰ ਅਣ-ਰਜਿਸਟਰਡ ਭਰਤੀ ਏਜੰਟਾਂ ਵੱਲੋਂ ਠੱਗੇ ਜਾਣ ਦੇ ਮਾਮਲਿਆਂ ਵਿਚ ਭਾਰੀ ਵਾਧਾ ਹੋਇਆ ਹੈ”। ਵਿਦੇਸ਼ ਜਾਣ ਦੇ ਖ਼ਾਹਿਸ਼ਮੰਦ ਭਾਰਤੀਆਂ ਨੂੰ ਸ਼ਿਕਾਰ ਬਣਾਉਣ ਦਾ ਵਰਤਾਰਾ ਆਲਮੀ ਪੱਧਰ ’ਤੇ ਚੱਲ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਇਹ ਚਿਤਾਵਨੀ ਵੀ ਦਿੱਤੀ ਕਿ “ਅਜਿਹੇ ਮਾਮਲੇ ਬਹੁਤ ਸਾਰੇ ਪੂਰਬੀ ਯੂਰੋਪੀਅਨ ਮੁਲਕਾਂ, ਕੁਝ ਖਾੜੀ ਮੁਲਕਾਂ, ਮੱਧ ਏਸ਼ੀਆ, ਇਜ਼ਰਾਈਲ, ਕੈਨੇਡਾ, ਮਿਆਂਮਾਰ, ਲਾਓ ਪੀਪਲ’ਜ਼ ਡੈਮੋਕ੍ਰੈਟਿਕ ਰਿਪਬਲਿਕ ਆਦਿ ਵਿਚ ਸਾਹਮਣੇ ਆਏ ਹਨ”।

ਸੰਸਦ ਦੇ ਹਰ ਸੈਸ਼ਨ ਦੌਰਾਨ ਸਰਕਾਰ ਨੂੰ ਗ਼ੈਰ-ਕਾਨੂੰਨੀ ਪਰਵਾਸ ਦੇ ਵਧ ਰਹੇ ਸੰਕਟ ਬਾਰੇ ਸਿਫ਼ਰ ਕਾਲ ’ਚ ਬਹੁਤ ਸਾਰੇ ਸਵਾਲ ਪੁੱਛੇ ਜਾਂਦੇ ਹਨ। ਰੁਮਾਨਿਆਈ ਉਡਾਣ ਤੋਂ ਹਫ਼ਤਾ ਪਹਿਲਾਂ ਵਿਦੇਸ਼ ਮੰਤਰੀ ਨੇ ਲੋਕ ਸਭਾ ’ਚ ਇਸ ਸਮੱਸਿਆ ਦੇ ਬਹੁਤ ਗੁੰਝਲਦਾਰ ਹੋਣ ਕਾਰਨ ਬੇਵੱਸੀ ਜ਼ਾਹਰ ਕੀਤੀ ਸੀ ਤੇ ਕਿਹਾ ਸੀ, “ਬਹੁਤ ਸਾਰੇ ਮੁਲਕਾਂ ਦੀਆਂ ਸਰਕਾਰਾਂ ਲੋਕਾਂ ਵੱਲੋਂ ਆਪਣੇ ਮੁਲਕ ’ਚ ਗ਼ੈਰ-ਕਾਨੂੰਨੀ ਢੰਗ ਨਾਲ ਰੁਕਣ ਬਾਰੇ ਜਾਣਕਾਰੀ ਨਹੀਂ ਦਿੰਦੀਆਂ।” ਉਨ੍ਹਾਂ ਮੰਨਿਆ ਕਿ ‘ਸਾਡੇ ਮਿਸ਼ਨਾਂ, ਸਫ਼ਾਰਤਖ਼ਾਨਿਆਂ ਕੋਲ ਵਿਦੇਸ਼ਾਂ ’ਚ ਗ਼ੈਰ-ਕਾਨੂੰਨੀ ਰਹਿਣ ਜਾਂ ਕੰਮ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਬਾਰੇ ਕੋਈ ਭਰੋਸੇਮੰਦ ਅੰਕੜੇ ਨਹੀਂ ਹਨ”। ਇਹ ਗੱਲ ਆਪਣੇ ਆਪ ’ਚ ਘੱਟ ਹੈਰਾਨੀਜਨਕ ਨਹੀਂ। ਵੈਟਰੀ ਹਵਾਈ ਅੱਡੇ ਦੀ ਘਟਨਾ ਸਮੱਸਿਆ ਦੀ ਗੰਭੀਰਤਾ, ਤੇ ਨਾਲ ਹੀ ਫੌਰੀ ਵਿਆਪਕ ਇਮੀਗਰੇਸ਼ਨ ਸੁਧਾਰਾਂ ਦੀ ਲੋੜ ਵੱਲ ਇਸ਼ਾਰਾ ਕਰਦੀ ਹੈ; ਅਜਿਹਾ ਕਰਨ ਵਿਚ ਨਾਕਾਮ ਰਹਿਣ ਦੀ ਸੂਰਤ ਵਿਚ ਹੋਰ ਜ਼ਿਆਦਾ ਭਾਰਤੀ ਨਾਗਰਿਕ ਇਮੀਗਰੇਸ਼ਨ ਦਲਾਲਾਂ ਅਤੇ ਆਲਮੀ ਅਪਰਾਧੀ ਗਰੋਹਾਂ ਦੇ ਸ਼ਿਕਾਰ ਬਣਦੇ ਜਾਣਗੇ।

ਸਚਾਈ ਇਹ ਹੈ ਕਿ ਭਾਰਤ ਨੂੰ ਵਿਸ਼ਵ ਗੁਰੂ ਬਣਾ ਦੇਣ ਦੇ ਨਾਗਰਿਕਾਂ ਨੂੰ ਸੁਫਨੇ ਦਿਖਾ ਰਹੇ ਹਾਕਮਾਂ ਨੇ ਅਸਲ ਵਿੱਚ ਭਾਰਤ ਨੂੰ ਮਜ਼ਦੂਰ ਸਪਲਾਈ ਕਰਨ ਦਾ ਕੇਂਦਰ ਬਣਾ ਦਿੱਤਾ ਹੈ।ਵਿਸ਼ਵ ਗੁਰੂ ਦੀ ਸਰਕਾਰ ਨੇ ਇਜ਼ਰਾਈਲ, ਗਰੀਸ ਤੇ ਇਟਲੀ ਨਾਲ ☞


ਇਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



Harmanpreet Kaur
Punjabi Singer

ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent
BEST IN PUNJAB FOLK SONGS

Ph:236-881-1276
Email:meriawaaz.music@gmail.com
YouTube harmanpreetofficial

☞ ਸਸਤੇ ਮਜ਼ਦੂਰ ਸਪਲਾਈ ਕਰਨ ਲਈ ਸਮਝੌਤੇ ਕੀਤੇ ਹਨ । ਇਜ਼ਰਾਈਲ ਨੇ ਫਲਸਤੀਨੀਆਂ ਨੂੰ ਕੱਢ ਦੇਣ ਤੋਂ ਬਾਅਦ ਬਦਲ ਦੇ ਤੌਰ ਉੱਤੇ ਭਾਰਤੀਆਂ ਨੂੰ ਖੇਤੀ ਤੇ ਸਨਅਤੀ ਮਜ਼ਦੂਰ ਵਜੋਂ ਲੈਣ ਦਾ ਫੈਸਲਾ ਕੀਤਾ ਹੈ। ਇਸਨੇ ਅੰਗਰੇਜ਼ੀ ਰਾਜ ਦੇ ਉਨ੍ਹਾਂ ਦਿਨਾਂ ਦੀ ਯਾਦ ਤਾਜ਼ਾ ਕਰਾ ਦਿੱਤੀ ਹੈ, ਜਦੋਂ ਅੰਗਰੇਜ਼ ਸਾਡੇ ਦੇਸ਼ ਦੇ ਗਰੀਬਾਂ ਨੂੰ ਮਜ਼ਦੂਰੀ ਕਰਨ ਲਈ ਅਫ਼ਰੀਕੀ ਦੇਸ਼ਾਂ ਵਿੱਚ ਲੈ ਕੇ ਜਾਂਦੇ ਸਨ। ਹਰ ਸਾਲ 2 ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਸਰਕਾਰ ਨੇ ਭਾਰਤ ਨੂੰ ਇਸ ਹਾਲਤ ਵਿੱਚ ਪੁਚਾ ਦਿੱਤਾ ਹੈ ਕਿ ਉਸ ਦੇ ਨਾਗਰਿਕ ਦੂਜੇ ਦੇਸ਼ਾਂ ਵਿੱਚ ਮਜ਼ਦੂਰੀ ਕਰਨ ਲਈ ਮਜਬੂਰ ਹੋ ਰਹੇ ਹਨ।

ਮੱਧਵਰਗ ਦੇ ਲੋਕ 50-50 ਲੱਖ ਰੁਪਏ ਖ਼ਰਚ ਕਰਕੇ ਬਦੇਸ਼ ਭੱਜ ਜਾਣਾ ਚਾਹੁੰਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਇਸ ਦੇਸ਼ ਵਿੱਚ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ। ਜੇਕਰ ਖਾਂਦੇ-ਪੀਂਦੇ ਲੋਕਾਂ ਲਈ ਇਸ ਦੇਸ਼ ਵਿੱਚ ਕੋਈ ਭਵਿੱਖ ਨਹੀਂ ਤਾਂ 5 ਕਿਲੋ ਅਨਾਜ ਉੱਤੇ ਗੁਜ਼ਾਰਾ ਕਰਨ ਵਾਲਿਆਂ ਦੀ ਹਾਲਤ ਦਾ ਅੰਦਾਜ਼ਾ ਸਹਿਜੇ ਲਾਇਆ ਜਾ ਸਕਦਾ ਹੈ। ਮੋਦੀ ਸਰਕਾਰ ਨਹੀਂ ਚਾਹੁੰਦੀ ਕਿ ਲੋਕ ਇਨ੍ਹਾਂ ਮਸਲਿਆਂ ਬਾਰੇ ਸੋਚਣ, ਇਸ ਲਈ ਉਹ ਕਦੇ ਹਿੰਦੂ-ਮੁਸਲਿਮ ਸ਼ੁਰੂ ਕਰ ਦਿੰਦੀ ਹੈ ਤੇ ਕਦੇ ਰਾਮ ਮੰਦਰ ਦੇ ਮੁੱਦੇ ਨੂੰ ਚੁੱਕ ਲੈਂਦੀ ਹੈ । ਉਸ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਮੋਦੀ ਭਗਤਾਂ ਨੂੰ ਅਜਿਹੇ ਮੁੱਦਿਆਂ ਦੀ ਖੁਰਾਕ ਲਗਾਤਾਰ ਮਿਲਦੀ ਰਹੇ ਤਾਂ ਕਿ ਉਹ ਹੋਸ਼ ਵਿੱਚ ਨਾ ਆ ਸਕਣ । ਰਾਮ ਮੰਦਰ ਦੀ ਉਸਾਰੀ ਦੀ ਖੁਮਾਰੀ ਵੀ ਅਜਿਹੀ ਹੀ ਇੱਕ ਖੁਰਾਕ ਹੈ, ਜਿਸ ਦੇ ਆਸਰੇ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਦੀ ਕੋਸ਼ਿਸ਼ ਵਿੱਚ ਹੈ।

# ਐਸਜੀਪੀਸੀ ਪ੍ਰਧਾਨ ਅਤੇ ਸਕੱਤਰ ਵੱਲੋਂ ਗ੍ਰਹਿ ਮੰਤਰਾਲੇ ਨੂੰ ਭਾਈ ਰਾਜੋਆਣਾ ਦੇ ਮਾਮਲੇ ਲਈ ਲਿਖੀਆਂ ਚਿੱਠੀਆਂ ਦਾ ਜੁਆਬ ਅਤੇ ਮਿਲਣ ਦਾ ਸਮਾਂ ਨਾ ਦੇਣਾ ਪੰਥ ਲਈ ਵੱਡੀ ਚਿੰਤਾ ਦਾ ਵਿਸ਼ਾ:ਬੀਬੀ ਰਣਜੀਤ ਕੌਰ

ਨਵੀਂ ਦਿੱਲੀ-ਬੀਤੇ ਦਿਨ ਮੀਡੀਆ ਵਿਚ ਜਾਰੀ ਹੋਈ ਖ਼ਬਰ ਕਿ ਸਿੱਖ ਸਿਆਸੀ ਬੰਦੀ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਨੂੰ ਰੱਦ ਕਰਣ ਲਈ ਐਸਜੀਪੀਸੀ ਪ੍ਰਧਾਨ ਅਤੇ ਸਕੱਤਰ ਵਲੋਂ ਗ੍ਰਿਹ ਮੰਤਰਾਲੇ ਨੂੰ ਲਿਖੀ ਚਿਠੀਆਂ ਦਾ ਜੁਆਬ ਅਤੇ ਮਾਮਲੇ ਲਈ ਮਿਲਣ ਦਾ ਸਮਾਂ ਨਾ ਦੇਣਾ ਸਿੱਖ ਪੰਥ ਲਈ ਬਹੁਤ ਵੱਡੀ ਚਿੰਤਾ ਦੇ ਨਾਲ ਨਮੋਸ਼ੀ ਦਾ ਵਿਸ਼ਾ ਹੈ । ਇਸ ਲਈ ਦਿੱਲੀ ਗੁਰਦਵਾਰਾ ਕਮੇਟੀ ਦੇ ਮੌਜੂਦਾ ਅਤੇ ਸਾਬਕਾ ਪ੍ਰਧਾਨ ਜੋ ਕਿ ਹੁਣ ਕੇਂਦਰ ਵਲੋਂ ਮਿਲੇ ਓਹਦੇ ਦਾ ਸੁਖ ਲੈ ਰਹੇ ਹਨ ਜਿੰਮੇਵਾਰ ਹਨ । ਜਦੋ ਇਨ੍ਹਾਂ ਦਾ ਕੌਈ ਵੀ ਨਿਜੀ ਮਸਲਾ ਪੈਂਦਾ ਹੈ ਇਹ ਤੁਰੰਤ ਮਨਿਸਟਰਾਂ ਕੋਲ ਬੈਠੇ ਫੋਟੋਆਂ ਖਿੱਚਵਾਂਦੇ ਦਿਖਦੇ ਹਨ ਪਰ ਜਦੋ ਵੀ ਪੰਥ ਦਾ ਕੌਈ ਮਸਲਾ ਖੜਾ ਹੋਇਆ ਹੈ ਇਨ੍ਹਾਂ ਨੇ ਓਸ ਨੂੰ ਸਵਾਰਨ ਦੀ ਥਾਂ ਤੇ ਵਿਗਾੜਿਆ ਹੀ ਹੈ । ਜਿਸ ਦਾ ਫਾਇਦਾ ਮੌਜੂਦਾ ਸਰਕਾਰ ਨੂੰ ਮਿਲਦਾ ਹੈ ਤੇ ਓਹ ਸਿੱਖਾਂ ਨੂੰ ਇਨ੍ਹਾਂ ਵਰਗਿਆਂ ਕਰਕੇ ਮੁੜ ਗੁਲਾਮਾਂ ਵਾਲਾ ਅਹਿਸਾਸ ਕਰਵਾ ਰਹੇ ਹਨ । ਬੀਬੀ ਰਣਜੀਤ ਕੌਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਇਸਤਰੀ ਵਿੰਗ ਦੇ ਮੁੱਖ ਸੇਵਾਦਾਰ ਨੇ ਮੀਡੀਆ ਨੂੰ ਜਾਰੀ ਇਕ ਬਿਆਨ ਵਿਚ ਕਿਹਾ ਕਿ ਅਸੀਂ ਐਸਜੀਪੀਸੀ ਪ੍ਰਧਾਨ ਐਡਵੋਕੇਟ ਹਰਚਰਨ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਸਮੇਤ ਸਿੱਖ ਪੰਥ ਦੀਆਂ ਸਮੂਹ ਰਾਜਨੀਤਿਕ, ਧਾਰਮਿਕ ਸੰਸਥਾਵਾਂ ਨੂੰ ਅਪੀਲ ਕਰਦੇ ਹਾਂ ਕਿ ਭਾਈ ਰਾਜੋਆਣਾ ਜੀ ਦੇ ਹਕ਼ ਵਿਚ ਦਿੱਲੀ ਦੀ ਪਾਰਲੀਮੈਂਟ ਮੂਹਰੇ ਇਕ ਵੱਡਾ ਰੋਸ ਮੁਜਾਹਿਰਾ ਕਰਕੇ ਸਰਕਾਰ ਉੱਤੇ ਫਾਂਸੀ ਨੂੰ ਰੱਦ ਕਰਣ ਦਾ ਦਬਾਅ ਬਣਾਇਆ ਜਾਏ ਕਿਉਂਕਿ ਦਿੱਲੀ ਕਮੇਟੀ ਦੇ ਆਗੂਆਂ ਨੇ ਪੰਥਵਿਰੋਧੀ ਕਾਰਵਾਈ ਕਰਦਿਆਂ ਮੌਜੂਦਾ ਸਰਕਾਰਾਂ ਨੂੰ ਖੁਸ਼ ਕਰਣ ਲਈ ਪਹਿਲਾਂ ਉਲੀਕੇ ਗਏ ਰੋਸ ਮਾਰਚ ਨੂੰ ਇਕ ਸਾਜ਼ਿਸ਼ ਤਹਿਤ ਰੱਦ ਕਰਵਾਇਆ ਗਿਆ ਸੀ ।


ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads

Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਸਿੱਖ ਸਭਿਆਚਾਰ ਰਾਜ-ਜੋਗੀ ਤੇ ਸਰਬੱਤ ਦੇ ਭਲੇ ਦਾ ਸੱਭਿਆਚਾਰ

ਸਭਿਆਚਾਰ ਜਾਂ ਸੰਸਕ੍ਰਿਤੀ ਵਧੀਆ ਸੰਤੁਲਤ ਸੁਘੜ ਜੀਵਨ-ਜਾਚ ਹੈ, ਜੋ ਸਾਨੂੰ ਮਨ, ਬਾਣੀ, ਕਰਮ ਕਰ ਕੇ ਸਹੀ ਤੇ ਸੋਹਣਾ ਕੰਮ ਸੁਚੱਜੇ ਤਰੀਕੇ ਨਾਲ ਕਰਨਾ ਸਿਖਾਉਂਦੀ ਹੈ।ਇਹ ਬਾਣੀ ਦੇ ਬਗੀਚੇ ਵਿੱਚੋਂ ਉੱਠੀ ਟਹਿਕ-ਮਹਿਕ ਹੀ ਹੈ, ਜਿਸ ਨੇ ਸਿੱਖੀ ਨੂੰ ਰਸਰੰਗ-ਰੱਤਾ ਤੇ ਮਾਣ-ਮੱਤਾ ਬਣਾਇਆ ਹੈ। ਇਸ ਨੇ ਸਾਨੂੰ ਖ਼ਾਸ ਰਹਿਣੀ-ਬਹਿਣੀ, ਚਾਲ-ਢਾਲ, ਰਸਮਾਂ-ਰੀਤਾਂ, ਖਾਣ-ਪਹਿਨਣ ਤੇ ਬੋਲ-ਬਾਣੀ ਵੀ ਬਖ਼ਸ਼ੀ ਹੈ, ਜੋ ਨਿਰਾਲੇ ਹੋਣ ਦੀ ਝਲਕ ਦਿਖਾਉਂਦੀ ਹੈ। ਸਿੱਖ ਸਭਿਆਚਾਰ ਕੇਸਾਧਾਰੀ, ਦਸਤਾਰਧਾਰੀ, ਸਿਮਰਨ-ਸੇਵਾਧਾਰੀ, ਖੜਗਧਾਰੀ, ਰਾਜ-ਜੋਗੀ ਸਭਿਆਚਾਰ ਹੈ, ਜੋ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਜਿਹੇ ਉਚੇਰੇ ਨਿਸ਼ਾਨੇ ਰੱਖਦਾ ਹੈ। ਰੂਹਾਨੀ ਚੜ੍ਹਦੀ ਕਲਾ ਇਸ ਲਈ ਮੰਗੀ ਗਈ ਹੈ ਤਾਂ ਕਿ ਪਦਾਰਥਕ ਮਾਰੂਥਲ ਦੀ ਮਾਰ ਤੋਂ ਬਚਿਆ ਜਾ ਸਕੇ ਤੇ 'ਸਰਬੱਤ ਦਾ ਭਲਾ' ਇਸ ਲਈ ਨਿਸ਼ਾਨਾ ਬਣਾਇਆ ਹੈ ਤਾਂ ਕਿ ਮਨੁੱਖ ਹਉਮੈ ਤੇ ਸਵਾਰਥ ਦਾ ਸ਼ਿਕਾਰ ਹੋ ਕੇ, ਸੀਮਤ ਹੋ ਕੇ ਨਾ ਰਹਿ ਜਾਵੇ। ਇਸ ਲਈ ਬੁਰੀਆਂ ਆਦਤਾਂ ਦਾ ਤਿਆਗ ਜ਼ਰੂਰ ਕਰਨਾ ਹੀ ਹੈ ਅਤੇ ਸੰਸਾਰ ਤੇ ਪਰਿਵਾਰ ਮਾਤਰ ਦਾ ਤਿਆਗ ਕਰ ਕੇ ਭਗੌੜੇ ਨਹੀਂ ਹੋਣਾ, ਸਗੋਂ ''ਅੰਜਨ ਮਾਹਿ ਨਿਰੰਜਨਿ'' ਦੀ ਜੀਵਨ-ਜਾਚ ਇਉਂ ਅਪਣਾਉਣੀ ਹੈ; ਜਿਵੇਂ ਕਿ ਪਾਣੀ ਵਿੱਚ ਕਮਲ ਅਲੇਪ ਰਹਿ ਕੇ ਖਿੜਦਾ-ਵਿਗਸਦਾ ਹੈ। ਸੰਸਾਰੀ ਹਾਸ-ਬਿਲਾਸ ਜ਼ਿੰਦਗੀ ਦੀ ਰਾਸ ਹਨ, ਇਨ੍ਹਾਂ ਤੋਂ ਬੇਮੁੱਖ ਜਾਂ ਉਦਾਸ ਹੋ ਕੇ ਬਨਵਾਸ ਨਹੀਂ ਲੈਣਾ। ਯਤਨ ਅਜਿਹਾ ਕਰਨਾ ਹੈ ਕਿ ਸਤਿਗੁਰੂ ਦੀ ਦੱਸੀ ਜੀਵਨ ਜੁਗਤਿ ਨੂੰ ਅਪਨਾਅ ਕੇ ਗ੍ਰਹਿਸਤ ਵਿੱਚ ਨਿਰਲੇਪ ਰਹਿ ਕੇ ਰਾਜ-ਯੋਗ ਦੋਹਾਂ ਦਾ ਆਨੰਦ ਮਾਣਿਆ ਜਾ ਸਕੇ।ਇਹ ਕੰਮ ਔਖਾ ਜ਼ਰੂਰ ਹੈ ਪਰ ਗੁਰੂ ਸਾਹਿਬਾਨ ਨੇ ਲੰਮੀ ਘਾਲਣਾ ਭਰਪੂਰ ਜ਼ਿੰਦਗੀ ਜੀਅ ਕੇ ਸਮਝਾ ਦਿੱਤਾ ਹੈ ਕਿ ਮਨੁੱਖ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣ ਤਿਆਗ ਦੇਣਾ ਅਤੇ ਧਰਮ ਦੀ ਕਮਾਈ ਕਰ ਕੇ ਵੰਡ ਛੱਕਣ ਦੀ ਰੀਤ ਪਾਉਣੀ ਹੈ ਤਾਂ ਕਿ ਕੋਈ ਭੁੱਖਾ-ਨੰਗਾ ਨਾ ਰਹੇ।

''ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥'' (ਆਸਾ ਕੀ ਵਾਰ, ਮ: ੧, ਪੰਨਾ ੪੭੪) ਸੁਨਹਿਰੀ ਸਿਧਾਂਤ ਹੈ ਤੇ ''ਘਾਲਿ ਖਾਇ ਕਿਛੁ ਹਥਹੁ ਦੇਇ ॥'' (ਸਾਰੰਗ ਕੀ ਵਾਰ, ਮ: ੧, ਪੰਨਾ ੧੨੪੫) ਦੀ ਸਿੱਖਿਆ ਇਸ ਵਿੱਚ ਸੋਨੇ ਤੇ ਸੁਹਾਗੇ ਦਾ ਕੰਮ ਕਰਦਿਆਂ ਹੋਇਆਂ ਆਪਣੇ ਜੀਵਨ ਤੇ ਸਮਾਜ ਵਿੱਚ ਸੁਗੰਧੀ ਭਰਨ ਵਾਲੀ ਹੈ।

ਲੇਕਿਨ ਫਿਰ ਇਹ ਵੀ ਸਮਝਾਇਆ ਗਿਆ ਹੈ ਕਿ ਸਰਬੱਤ ਦਾ ਭਲਾ ਕਰ ਕੇ ਵੀ ਇਸ ਉੱਤੇ ਹੰਕਾਰ ਨਹੀਂ ਕਰਨਾ। ਦੇਗ਼ ਨਾਲ ਤੇਗ਼ ਦੀ ਫ਼ਤਿਹ ਦੀ ਮੰਗ ਅਰਦਾਸ ਵਿੱਚ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਅੰਨ-ਪਾਣੀ ਤਾਂ ਸਭ ਦੀ ਜ਼ਰੂਰਤ ਹੈ। ਧੱਕਾ-ਖੋਰ ਲੋਕ, ਸਭ ਨੂੰ ਬਰਾਬਰ ਦਾ ਵਰਤਾਰਾ ਲੈਣ ਨਹੀਂ ਦਿੰਦੇ। ਵੱਡੇ ਸਾਮਰਾਜ, ਛੋਟੇ-ਛੋਟੇ ਦੇਸ਼ਾਂ ਜਾਂ ਕੌਮਾਂ ਨੂੰ ਸਦਾ ਦਬੇਲ ਬਣਾਉਣ ਵਿੱਚ ਲੱਗੇ ਰਹਿੰਦੇ ਹਨ। ਇਸ ਲਈ ਤੇਗ ਦੀ ਫ਼ਤਿਹ ਵੀ ਮੰਗੀ ਗਈ ਹੈ ਤਾਂ ਕਿ ਕੋਈ ਕਿਤੇ ਧੱਕਾ ਨਾ ਹੋਵੇ, ਸਭ ਦਾ ਆਤਮ-ਸਨਮਾਨ ਕਾਇਮ ਰਹੇ। ਖ਼ਾਲਸੇ ਨੂੰ ਦੇਗ਼-ਤੇਗ਼ ਦਾ ਵਰਦਾਨ ਅਤੇ ਪੰਥ ਕੀ ਜੀਤ ਦੀ ਅਸੀਸ ਇਸੇ ਲਈ ਦਿੱਤੀ ਗਈ ਹੈ ਤਾਂ ਕਿ ਉਹ ਸਰਬੱਤ ਦੇ ਭਲੇ ਦਾ ਮਿਸ਼ਨ ਲੈ ਕੇ ਹਰ ਕਿਸਮ ਦੇ ਅਨਿਆਂ ਵਿਰੁੱਧ ਸੰਗਰਾਮ ਰਚਾਵੇ ਤੇ ਇਸ ਧਰਤੀ ਨੂੰ ਬੈਕੁੰਠ ਰੂਪ ਬਣਾਵੇ। ਕੇਸਰੀ ਨਿਸ਼ਾਨ ਸਾਹਿਬ (ਝੰਡਾ) ਇਸੇ ਖੇੜੇ ਦਾ ਪ੍ਰਤੀਕ ਹੈ। ਅੱਜ ਸਾਡੀ ਆਪਣੀ ਮਾਤ-ਭੂਮੀ, ਪੁੰਨ-ਭੂਮੀ ਪੰਜਾਬ, ਅਜਿਹੀਆਂ ਬੇਇਨਸਾਫ਼ੀਆਂ ਦਾ ਸ਼ਿਕਾਰ ਹੈ ਕਿ ਲੋਕ-ਰਾਜ ਹੋਣ ਦੇ ਬਾਵਜੂਦ ਲੋਕਰਾਜੀ ਪਰੰਪਰਾਵਾਂ ਗ਼ਾਇਬ ਹਨ, ਲੋਕਾਂ ਨੂੰ ਆਪਣਾ ਸਨਮਾਨ, ਸੁਤੰਤਰਤਾ ਅਤੇ ਸਮਾਜਕ ਨਿਆਂ ਪ੍ਰਾਪਤ ਨਹੀਂ। ਬਹੁ ਗਿਣਤੀ ਆਪਣੇ ਅਧਿਕਾਰਾਂ ਤੋਂ ਤਾਂ ਵਾਕਿਫ਼ ਹੈ ਪਰ ਜ਼ਿੰਮੇਵਾਰੀਆਂ ਭਾਵ ਕਰਤੱਵਾਂ ਤੋਂ ਗ਼ਾਫ਼ਲ ਹੈ, ਜਿਸ ਕਰ ਕੇ ਸਾਰੇ ਦੇਸ਼ ਵਿੱਚ ਬੇਚੈਨੀ, ਅਸੰਤੁਸ਼ਟਤਾ ਤੇ ਅਨਿਆਂ ਦੀ ਹਨ੍ਹੇਰ-ਗਰਦੀ ਮੱਚੀ ਹੋਈ ਹੈ ਤੇ ਪਿਛਲੇ ਸਮੇਂ 'ਚ ਪੰਜਾਬ ਸਭ ਤੋਂ ਵੱਧ ਸੰਤਾਪ ਦਾ ਸ਼ਿਕਾਰ ਰਿਹਾ ਹੈ। ਇਸ ਵਿਰੁੱਧ ਸੰਗਠਿਤ ਹੋ ਕੇ ਸਿਆਸੀ ਸੂਝ-ਬੂਝ ਨਾਲ ਸਭ ਪਾਸਿਆਂ ਤੋਂ ਜੂਝਣ ਦੀ ਲੋੜ ਹੈ। ਕੇਵਲ ਮਾਰੂ ਹਥਿਆਰ ਹੀ ਵਿਗੜੀ ਨਹੀਂ ਸੰਵਾਰ ਸਕਦੇ। ਇਹ ਵੀ ਧਿਆਨ ਗੋਚਰੇ ਕਰਨ ਵਾਲੀ ਗੱਲ ਹੈ ਕਿ ਸਾਡਾ ਸ਼ਾਨਦਾਰ ਸਭਿਆਚਾਰ, ਕੇਵਲ ਰਾਜਨੀਤੀ ਅਤਿਆਚਾਰ ਦੀ ਮਾਰ ਹੇਠ ਹੀ ਨਹੀਂ ਸਗੋਂ ਇਹ ਪਦਾਰਥਵਾਦ, ਕੱਟੜਵਾਦ, ਅਗਿਆਨਵਾਦ, ਦੰਭ-ਪ੍ਰਪੰਚਵਾਦ ਤੇ ਫ਼ੈਸ਼ਨਵਾਦ ਦਾ ਵੀ ਸ਼ਿਕਾਰ ਹੈ। ਇਸ ਕਰ ਕੇ ਸਾਰੇ ਪਾਸਿਆਂ ਤੋਂ ਸਾਵਧਾਨੀ ਵਰਤਣ ਦੀ ਲੋੜ ਹੈ, ਤਾਂ ਹੀ ਇਸ ਸ੍ਰੇਸ਼ਟ ਸਭਿਆਚਾਰ ਨੂੰ ਬਚਾਇਆ ਜਾ ਸਕਦਾ ਹੈ।

ਸਭਿਆਚਾਰ ਵਿੱਚ ਜਿਊਂਦਾ ਮਨੁੱਖ ਦੁਨਿਆਵੀ ਜੀਵਨ ਵਿੱਚ ਕੋਈ ਵਾਧ ਘਾਟ ਆਵੇ ਜਾਂ ਅਣਭਾਉਂਦੀ ਗੱਲ ਵਾਪਰੇ ਤਾਂ ਉਹ ਉਸ ਨੂੰ ਰੱਬ ਦਾ ਭਾਣਾ ਜਾਂ ਗੁਰੂ ਦੀ ਖੇਡ ਕਹਿ ਕੇ ਝਲਦਾ ਜਾਂਦਾ ਹੈ ਪਰ ਉਸ ਦਾ ਨਿਸ਼ਚਾ ਹੈ ਕਿ ਗੁਰੂ ਘਰ ਵਿੱਚ ਆ ਕੇ ਸੱਚੀ ਬਾਣੀ ਸੁਣ ਕੇ ਸੁੱਖਾਂ-ਭਰੀ ਸੰਗਤ ਦੇ ਦੀਦਾਰ ਪਾ ਕੇ ਖ਼ੁਸ਼ੀਆਂ ਮਿਲਦੀਆਂ ਹਨ, ਕੋਈ ਦੁੱਖ ਕਲੇਸ਼ ਰਹਿ ਹੀ ਨਹੀਂ ਜਾਂਦਾ। ਇਹ ਬੜਾ ਆਸ਼ਾਵਾਦੀ ਦ੍ਰਿਸ਼ਟੀਕੋਣ ਹੈ। ਕ੍ਰਿਤੱਗਤਾ (ਕੀਤੇ ਨੂੰ ਨਾ ਭੁੱਲਣਾ) ਤਾਂ ਐਸਾ ਇਕ ਹੀ ਹੋਰ ਗੁਣ ਹੈ ਕਿ ਉਹ ਮਾਲਕ ਨੂੰ ਸਦਾ ਸਲਾਹੁੰਦਾ ਨਹੀਂ ਥੱਕਦਾ। ਜੇ ਨਵਾਬ ਮਲੇਰਕੋਟਲਾ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਅਰਾ ਮਾਰਿਆ ਗਿਆ ਤਾਂ ਦਲ ਖ਼ਾਲਸਾ ਦੀ ਖ਼ੂਬੀ ਇਹ ਰਹੀ ਕਿ ਕਦੀ ਉਨ੍ਹਾਂ ਕੋਟਲੇ 'ਤੇ ਚੜ੍ਹਾਈ ਨਹੀਂ ਕੀਤੀ। ਇਹ ਸਿੱਖਾਂ ਦੇ ਕੌਮੀ ਕਿਰਦਾਰ ਦੀ ਖ਼ੂਬਸੂਰਤੀ ਹੈ। ਉਹ ਚੜ੍ਹਦੀ ਕਲਾ ਦੇ ਨਾਲ ਸਰਬੱਤ ਦਾ ਭਲਾ ਵੀ ਮੰਗਦਾ ਹੈ, 'ਨਾ ਕੋ ਬੈਰੀ ਨਾਹਿ ਬਿਗਾਨਾ' ਇਹ ਬਚਨ ਕੇਵਲ ਗਾਉਣ ਲਈ ਹੀ ਨਹੀਂ, ਸਗੋਂ ਹਰ ਘੜੀ ਕਮਾਉਣ ਲਈ ਹਨ। ਇਸੇ ਕਰ ਕੇ ਅਨੰਦਪੁਰ ਦੀ ਬਿਖੜੀ ਜੰਗ ਵਿੱਚ ਭਾਈ ਘਨ੍ਹੱਈਏ ਨੇ ਆਪਣੀ ਮਸ਼ਕ ਦਾ ਅੰਮ੍ਰਿਤ ਜਲ, ਹਰ ਜ਼ਖ਼ਮੀ ਦੇ ਬੁੱਲ੍ਹਾਂ ਨੂੰ ਛੁਹਾਇਆ-ਚਾਹੇ ਉਹ ਤੁਰਕ ਸੀ, ਚਾਹੇ ਸਿੱਖ ਭਾਈ। ਕੀਰਤਪੁਰ ਇੱਕ ਨਿਹੰਗ ਸਿੰਘ, ਸੰਗਤ ਦੇ ਲੰਘਣ ਲਈ ਇੱਧਰੋਂ ਉੱਧਰੋਂ ਮਿੱਟੀ ਪੱਧਰ ਕਰ ਕੇ ਕਿਤੇ ਕੱਚਾ ਰਸਤਾ ਤਿਆਰ ਕਰ ਰਿਹਾ ਸੀ ਤਾਂ ਅਚਾਨਕ ਅੰਗ੍ਰੇਜ਼ ਅਫ਼ਸਰ ਆ ਗਿਆ, ਉਸ ਨੇ ਆਉਂਦਿਆਂ ਹੀ ਸਵਾਲ ਕੀਤਾ....''ਸਿੰਘ ਜੀ ! ਇਸ ਕੰਮ 'ਤੇ ਤੁਹਾਨੂੰ ਕਿਸ ਨੇ ਲਾਇਆ ਹੈ ਤੇ ਕਿੰਨੀ ਮਜ਼ੂਰੀ ਮਿਲੇਗੀ ?'' ਨਿਹੰਗ ਸਿੰਘ ਸੁਣ ਕੇ ਜੋਸ਼ ਵਿੱਚ ਆ ਗਿਆ, ਕਹਿਣ ਲੱਗਾ, ''ਖ਼ਾਲਸਾ ਖੁਦ ਬਾਦਸ਼ਾਹ ਹੈ, ਇਸ ਨੂੰ ਮਜ਼ੂਰੀ ਦੀ ਕੀ ਲੋੜ ਹੈ, ਮੈਂ ਤਾਂ ਆਉਣ ਵਾਲੀਆਂ ਸੰਗਤਾਂ ਦੇ ਲੰਘਣ ਲਈ ਇਹ ਸੇਵਾ ਕਰ ਰਿਹਾ ਹਾਂ ਤੇ ਬਸ।''

ਸੋ ਸਿੱਖ ਸਭਿਆਚਾਰ ਨੇ ਸਦਾ-ਸਦਾ ਸੇਵਕ ਬਣ ਕੇ ਸੇਵਾ-ਟਹਿਲ ਕਰ ਕੇ ਅਨੰਦਿਤ ਰਹਿਣ ਦੀ ਜੀਵਨ-ਜਾਚ ਸਿਖਾਈ ਹੈ ਇਸ ਕਰ ਕੇ ਮਨ ਕਦੀ ਢਹਿੰਦੀ ਕਲਾ ਵੱਲ ਜਾਂਦਾ ਹੀ ਨਹੀਂ। ਫਿਰ ਇਹ ਅਵਸਥਾ ਆਪਣੇ-ਆਪ ਹੀ ਨਹੀਂ ਆ ਜਾਂਦੀ, ਇਸ ਲਈ ਇੱਕ ਖ਼ਾਸ ਕਿਸਮ ਦੇ ਅਭਿਆਸ ਵਿੱਚੋਂ ਲੰਘਣਾ ਪੈਂਦਾ ਹੈ। ਜਿਸ ਨੂੰ ਅਸੀਂ ਗੁਰਮਤਿ ਦਾ ਤ੍ਰੈ-ਨੁਕਤੀਆ ਪ੍ਰੋਗਰਾਮ ''ਗੁਰਮਤਿ ਨਾਮੁ ਦਾਨੁ ਇਸ਼ਨਾਨੁ'' ਕਰ ਕੇ ਆਖਦੇ ਹਾਂ, ਜਿਸ ਦਾ ਭਾਵ ਹੈ-ਆਤਮਕ ਪਵਿੱਤ੍ਰਤਾ, ਸੱਭ ਨਾਲ ਵੰਡਣ ਦੀ ਬਿਰਤੀ ਦੇ ਧਾਰਨੀ ਹੋਣਾ ਅਤੇ ਮਾਨਸਿਕ ਸ਼ੁੱਧਤਾ, ਸਰੀਰਕ ਸੁਛੱਤਾ। ਸੋ ਸਿੱਖ ਆਪਣਾ ਦਿਨ ਇਸ਼ਨਾਨ ਤੇ ਰੱਬੀ ਧਿਆਨ ਨਾਲ ਅਰੰਭ ਕਰਦਾ ਹੈ, ਤਾਂ ਉਹ ''ਜੀਅਹੁ ਨਿਰਮਲ ਬਾਹਰਹੁ ਨਿਰਮਲ'' ਹੁੰਦਾ ਹੋਇਆ ਪੂਰੀ ਤਰ੍ਹਾਂ ਤਿਆਰ-ਬਰ ਤਿਆਰ ਹੋ ਜਾਂਦਾ ਹੈ।ਇਹ ਧਿਆਨ-ਯੋਗ ਨੁਕਤਾ ਹੈ ਕਿ ਸਭਿਆਚਾਰ ਕੇਵਲ ਧਾਰਮਕ ਸਿੱਖਿਆ 'ਤੇ ਹੀ ਨਿਰਭਰ ਨਹੀਂ ਬਲਕਿ ਇਸ ਨੂੰ ਕਲਾ ਦੇ ਪੱਖ ਤੋਂ ਵੀ ਨਿਪੁੰਨਤਾ ਤੇ ਮਹਾਰਤ ਮਿਲਣੀ ਚਾਹੀਦੀ ਹੈ। ਇਸ ਪੱਖ ਤੋਂ ਗੁਰਬਾਣੀ ਦੀ ਸਾਹਿਤਕਾਰੀ, ਸੰਗੀਤਕਾਰੀ ਦਾ ਵਿਰਸਾ ਇੰਨਾ ਭਰਪੂਰ ਤੇ ਵਿਸ਼ਾਲ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਨੇ ਆਚਰਣ ਦੇ ਨਿਰਮਾਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ। ਚਿੱਤਰਕਾਰੀ ਦਾ ਯੋਗਦਾਨ ਵੀ ਅਣਡਿੱਠ ਕਰਨ ਵਾਲਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਹੱਥ ਲਿਖਤ ਬੀੜਾਂ ਦਾ ਹਰ ਸਫਾ ਭਾਂਤ-ਭਾਂਤ ਦੇ ਫੁੱਲ ਬੂਟਿਆਂ ਨਾਲ ਸ਼ਿੰਗਾਰਿਆ ਹੁੰਦਾ ਸੀ ਤੇ ਸਿੱਖ ਸਰਦਾਰ ਇਸ ਦੀ ਕਦਰ ਕਰਦੇ ਸਨ। ਇਸ ਤਰ੍ਹਾਂ ਗੁਰਧਾਮਾਂ ਦੀ ਚਿੱਤਰਕਾਰੀ ਤੇ ਹਰਿਮੰਦਰ ਦੀ ਉੱਚ-ਪੱਧਰੀ ਕਾਰੀਗਰੀ ਦੁਨੀਆਂ ਦੇ ਕ੍ਰਿਸ਼ਮਿਆਂ ਵਿੱਚੋਂ ਗਿਣੀ ਜਾਂਦੀ ਹੈ। ਇਸੇ ਤਰ੍ਹਾਂ ਸਿੱਖ ਦਾ ਜਿਹੜਾ ਬਾਹਰਲਾ ਸਰੂਪ ਹੈ, ਉਹ ਵੀ ਵਿਲੱਖਣ ਹੋਣ ਕਰ ਕੇ ਹਰੇਕ ਲਈ ਆਕਰਸ਼ਣ ਦਾ ਕਾਰਨ ਹੈ। ਖ਼ਾਸ ਕਰ ਕੇ ਟੋਪ-ਟੋਪੀਆਂ ਦੀ ਬਹੁ-ਗਿਣਤੀ ਵਾਲੇ ਸੰਸਾਰ ਵਿੱਚ



ਸਿੱਖ ਦੀ ਦਸਤਾਰ ਦੀ ਆਪਣੀ ਵੱਖਰੀ ਲਿਸ਼ਕਾਰ ਹੈ।ਅਜੋਕੇ ਬਿਖੜੇ ਸਮੇਂ ਵਿੱਚ ਅਜੀਬੋ-ਗ਼ਰੀਬ ਹਾਲਤ ਇਹ ਹੈ ਕਿ ਇਹ ਉਚ-ਆਚਾਰੀ ਵਿਲੱਖਣ ਸਭਿਆਚਾਰ, ਸੰਸਾਰ ਸਭਿਆਚਾਰ ਦੇ ਵਿਗੜੇ ਵਿਹਾਰ ਵਿਰੁੱਧ ਬਿਲਕੁਲ ਕੱਲਮ-ਕੱਲਾ ਟਾਕਰੇ ਉੱਤੇ ਖੜੋਤਾ ਹੈ : ਸਾਰੀ ਦੁਨੀਆਂ ਤੰਬਾਕੂ-ਨੋਸ਼ੀ, ਸ਼ਰਾਬ-ਨੋਸ਼ੀ ਤੇ ਸਮੈਕ ਆਦਿਕ ਨਸ਼ਿਆਂ ਦੀ ਸ਼ਿਕਾਰ ਹੈ ਲੇਕਿਨ ਸਿੱਖ ਸਭਿਆਚਾਰ ਇਸ ਨੂੰ 'ਜਗਤ ਜੂਠ' ਕਹਿ ਕੇ ਤਿਰਸਕਾਰਦਾ ਆ ਰਿਹਾ ਹੈ। ਸਾਰੀ ਦੁਨੀਆਂ 'ਲਿੰਗ ਸੁਤੰਤਰਤਾ' ਨੂੰ ਕੁਦਰਤੀ ਅਧਿਕਾਰ ਦੱਸ ਕੇ ਬੇਹਯਾਈ ਨਾਲ ਵਿਭਚਾਰ ਦਾ ਪ੍ਰਚਾਰ-ਪ੍ਰਸਾਰ ਕਰ ਰਹੀ ਹੈ ਤੇ ਏਡਜ਼ ਵਰਗੀਆਂ ਬੀਮਾਰੀਆਂ ਦੀ ਮਾਰ ਖਾ ਰਹੀ ਹੈ ਲੇਕਿਨ ਸਿੱਖ ਸਭਿਆਚਾਰ ਹਦਾਇਤ ਕਰ ਰਿਹਾ ਹੈ:

ਦੇਖਿ ਪਰਾਈਆਂ ਚੰਗੀਆਂ; ਮਾਵਾਂ, ਧੀਆਂ, ਭੈਣਾਂ ਜਾਣੈ। (ਭਾਈ ਗੁਰਦਾਸ)

ਅਜੋਕੀ ਸਿਆਣੀ ਦੁਨੀਆਂ 'ਨਾਸਤਿਕਤਾ' ਨੂੰ ਅਗਾਂਹ ਵਧੂ ਹੋਣ ਦਾ ਲੱਛਣ ਮੰਨ ਕੇ ਅਪਨਾਅ ਰਹੀ ਹੈ ਲੇਕਿਨ ਸਿੱਖ ਸਭਿਆਚਾਰ 'ਨਾਮ ਦੀ ਚੜ੍ਹਦੀ ਕਲਾ' ਦੀ ਜੈ-ਜੈ ਕਾਰ ਕਰ ਰਿਹਾ ਹੈ। ਇਸ ਤਰ੍ਹਾਂ ਸਿੱਖ ਸਭਿਆਚਾਰ ਦਾ ਝੰਡਾ ਚੁੱਕਣਾ, ਸਾਰੀਆਂ ਦੁਨੀਆਂ ਨਾਲ ਮੱਥਾ ਲਾਉਣ ਵਾਲੀ ਗੱਲ ਹੈ।

**ਡਾ. ਪੁਸ਼ਪਿੰਦਰ ਸਿੰਘ**


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ਬੱਬਰ ਸ਼ੇਰਨੀ ਕਰ ਗਈ ਅਕਾਲ ਚਲਾਣਾ

ਬੀਬੀ ਗੁਰਦੀਪ ਕੌਰ ਪਤਨੀ ਸਰਦਾਰ ਪਿਆਰਾ ਸਿੰਘ ਜੀ ਫੋਜੀ UP ਦੇ ਲਖੀਮਪੁਰ ਖੀਰੀ ਜ਼ਿਲ੍ਹੇ ਦੇ ਇੱਕ ਪਿੰਡ ਦੀ ਵਸਨੀਕ ਸੀ।ਇੰਦਰਾ ਗਾਂਧੀ ਦੇ ਕਤਲ ਤੋ ਬਾਅਦ ਪੂਰੇ ਦੇਸ਼ ਵਿਚ ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਦੇ ਹੁਕਮ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਜਾਣ ਲੱਗਾ ਬੀਬੀ ਗੁਰਦੀਪ ਕੌਰ ਦਾ ਪਤੀ ਫੌਜ ਵਿੱਚ ਡਿਊਟੀ ਤੇ ਸੀ। UP ਵੀ ਜਦੋਂ ਭੜਕੀਆਂ ਭੀੜਾਂ ਵਲੋਂ ਸਿੱਖਾਂ ਤੇ ਹਮਲੇ ਕੀਤੇ ਜਾਣ ਲੱਗੇ ਤਾਂ ਜਾਨ ਬਚਾਉਣ ਵਾਸਤੇ ਸਿੱਖ ਘਰ ਛੱਡ ਕੇ ਭੱਜ ਤੁਰੇ, ਬੀਬੀ ਗੁਰਦੀਪ ਕੌਰ ਦੇ ਆਂਡ ਗੁਆਂਢ ਚ ਰਹਿਣ ਵਾਲੇ ਸਿੱਖ ਪਰਿਵਾਰ ਵੀ ਘਰ ਛੱਡ ਕੇ ਲਾਗੇ ਦੇ ਜੰਗਲ ਵਿਚ ਚਲੇ ਗਏ ਪਰ ਬੀਬੀ ਗੁਰਦੀਪ ਕੌਰ ਨੇ ਘਰ ਸੁੰਝਾ ਛੱਡ ਕੇ ਜਾਣਾ ਠੀਕ ਨਾ ਸਮਝਿਆ ਤੇ ਬੱਚਿਆਂ ਸਮੇਤ ਘਰ ਹੀ ਰਹੀ ਬੀਬੀ ਦਾ ਸਹੁਰਾ ਵੀ ਘਰ ਵਿੱਚ ਹੀ ਨਹੀਂ ਸੀ।

ਜਦੋਂ ਬੀਬੀ ਗੁਰਦੀਪ ਕੌਰ ਘਰੋਂ ਬਾਹਰ ਟਿਊਬਵਲ ਤੇ ਕਪੜੇ ਧੋ ਰਹੀ ਸੀ ਉਦੋਂ ਭੜਕੇ ਹੋਏ ਹਿੰਦੂਵਾਦੀਆਂ ਦੀ ਤਿੰਨ ਹਜ਼ਾਰ ਤੋ ਵੱਧ ਭੀੜ ਨੇ ਸਿੱਖਾਂ ਦੇ ਘਰਾਂ ਉਪਰ ਹਮਲਾ ਕਰ ਦਿੱਤਾ ਸਿੱਖਾਂ ਦੇ ਘਰਾਂ ਦਾ ਨੁਕਸਾਨ ਅਤੇ ਲੁੱਟ ਮਾਰ ਕਰਨ ਤੋਂ ਬਾਅਦ ਇਹਨਾਂ ਨੇ ਬੀਬੀ ਗੁਰਦੀਪ ਕੌਰ ਦੇ ਘਰ ਵੱਲ ਧਾਵਾ ਬੋਲ ਦਿੱਤਾ ਬੀਬੀ ਗੁਰਦੀਪ ਕੌਰ ਦਾ ਪਤੀ ਦੇਸ਼ ਦੀ ਰਾਖੀ ਕਰ ਰਿਹਾ ਸੀ ਪਰ ਘਰ ਦੀ ਰਾਖੀ ਦੀ ਜੁਮੇਵਾਰੀ ਬੀਬੀ ਗੁਰਦੀਪ ਕੌਰ ਦੇ ਸਿਰ ਆ ਪਈ ਲਲਕਾਰੇ ਮਾਰਦੀ ਭੀੜ ਨੂੰ ਆਉਦੀ ਵੇਖ ਕੇ ਬੀਬੀ ਗੁਰਦੀਪ ਕੌਰ ਜਲਦੀ ਨਾਲ ਅੰਦਰ ਨੂੰ ਭੱਜੀ ਤੇ ਘਰ ਦਾ ਗੇਟ ਬੰਦ ਕਰ ਲਿਆ ਬੱਚਿਆਂ ਸਮੇਤ ਘਰ ਦੇ ਇੱਕ ਕਮਰੇ ‘ਚ ਵੜਕੇ ਬੂਹਾ ਬੰਦ ਕਰ ਲਿਆ। ਭੜਕੀ ਹੋਈ ਭੀੜ ਨੇ ਜਦੋਂ ਘਰ ਦਾ ਦਰਵਾਜਾ ਭੰਨਣਾ ਸ਼ੁਰੂ ਕਰ ਦਿੱਤਾ ਤਾਂ ਬੀਬੀ ਗੁਰਦੀਪ ਕੌਰ ਸਮਝ ਗਈ ਸੀ ਕਿ ਜੇ ਹੁਣ ਕੋਈ ਹੀਲਾ ਨਾ ਕੀਤਾ ਤਾਂ ਇਹ ਲੋਕ ਮੇਰੇ ਬੱਚਿਆਂ ਸਮੇਤ ਮੈਨੂੰ ਖਤਮ ਕਰ ਦੇਣਗੇ ਅਤੇ ਬੇਇਜ਼ਤ ਵੀ ਕਰਨਗੇ।

ਇਸੇ ਕਮਰੇ ਦੀ ਇੱਕ ਅ਼ਲਮਾਰੀ ਚ ਰਾਈਫਲ ਸੀ ਤੇ ਅਲਮਾਰੀ ਦੇ ਜਿੰਦਰੇ ਦੀ ਚਾਬੀ ਟਰੰਕ ਵਿੱਚ ਸੀ ਬੀਬੀ ਗੁਰਦੀਪ ਕੌਰ ਨੇ ਚਾਬੀ ਲੱਬਣ ਦੀ ਕੋਸ਼ਿਸ਼ ਕੀਤੀ ਪਰ ਚਾਬੀ ਛੇਤੀ,ਚ ਲੱਭ ਨਾ ਸਕੀ ਅਖੀਰ ਬੀਬੀ ਨੇ ਕਮਰੇ ਵਿੱਚ ਪਈ ਸ੍ਰੀ ਸਾਹਿਬ ਆਪਣੀ ਵੱਡੀ ਬੇਟੀ ਨੂੰ ਫੜਾਈ ਅਤੇ ਆਪ ਬਰਛਾ ਹੱਥ ਵਿਚ ਲੈਕੇ ਇਕਦਮ ਬੂਹਾ ਖੋਲ ਕੇ ਉੱਚੀ ਅਵਾਜ਼ ਵਿਚ ਜੈਕਾਰਾ ਛੱਡਿਆ ਤੇ ਦੋਵੇਂ ਮਾਵਾਂ ਧੀਆਂ ਭੀੜ ਵੱਲ ਭੱਜੀਆਂ ਦੋ ਹਥਿਆਰਬੰਦ ਬੀਬੀਆਂ ਨੂੰ ਦੇਖਕੇ ਤਿੰਨ ਹਜ਼ਾਰ ਗੁੰਡਿਆਂ ਦੀ ਹਥਿਆਰਬੰਦ ਭੀੜ ਵਿਚ ਭਾਜੜ੍ਹ ਪੈ ਗਈ ਅਤੇ ਗੁੰਡੇ ਜਾਨਾਂ ਬਚਾਉਣ ਵਾਸਤੇ ਪੂਰੀ ਸਪੀਡ ਨਾਲ ਪਿੱਛੇ ਨੂੰ ਭੱਜੇ ਉਨ੍ਹਾਂ ਨੂੰ ਦੂਰ ਤੱਕ ਭਜਾਕੇ ਬੀਬੀ ਗੁਰਦੀਪ ਕੌਰ ਤੇ ਉਸਦੀ ਬੇਟੀ ਵਾਪਿਸ ਆਪਣੇ ਘਰ ‘ਚ ਪਰਤੀਆਂ।

ਬੀਬੀ ਗੁਰਦੀਪ ਕੌਰ ਸਮਝ ਚੁੱਕੀ ਸੀ ਕਿ ਇਹ ਵਾਪਿਸ ਹਮਲਾ ਕਰਨ ਵਾਸਤੇ ਆਉਣਗੇ ਉਨ੍ਹਾਂ ਨੇ ਜਲਦੀ ਜਲਦੀ ਚਾਬੀ ਲੱਭ ਕੇ ਅਲਮਾਰੀ ਚੋਂ ਬੰਦੂਕ ਕੱਢੀ ਤੇ ਬੱਚਿਆਂ ਸਮੇਤ ਘਰ ਦੀ ਛੱਤ ਤੇ ਚੜ੍ਹ ਗਏ।ਗੁੰਡਿਆ ਨੇ ਦੁਬਾਰਾ ਫਿਰ ਹਮਲਾ ਕੀਤਾ ਤਾਂ ਬੀਬੀ ਗੁਰਦੀਪ ਕੌਰ ਨੇ ਫਾਇਰ ਖੋਲ ਦਿੱਤਾ,ਦੋ ਕੁ ਜਣਿਆ ਦੇ ਫੱਟੜ ਹੋਣ ਦੀ ਦੇਰ ਸੀ ਕਿ ਭੀੜ ਫਿਰ ਭੱਜ ਗਈ ਵਾਰ ਵਾਰ ਹਮਲੇ ਕਰਨ ਦੇ ਬਾਅਦ ਵੀ ਜਦੋਂ ਗੁੰਡਿਆਂ ਦੀ ਕੋਈ ਪੇਸ਼ ਨਾ ਗਈ ਤਾਂ ਉਹਨਾਂ ਨੇ ਘਰ ਦੇ ਪਿਛਲੇ ਪਾਸੇ ਪਸ਼ੂਆਂ ਦੇ ਵਾੜੇ ਨੂੰ ਅੱਗ ਲਾ ਦਿੱਤੀ ਬੀਬੀ ਨੇ ਆਪ ਮੋਰਚਾ ਸੰਭਾਲੀ ਰੱਖਿਆ ਤੇ ਬੀਬੀ ਦੀ ਬੇਟੀ ਨੇ ਥੱਲੇ ਜਾ ਕਿ ਡੰਗਰਾਂ ਦੇ ਰੱਸੇ ਵੱਡ ਕੇ ਪਸ਼ੂਆਂ ਨੂੰ ਸੜਨ ਤੋ ਬਚਾਅ ਲਿਆ ਅਖੀਰ ਗੁੰਡਿਆ ਨੂੰ ਹਾਰ ਖਾਕੇ ਵਾਪਿਸ ਭੱਜਣਾ ਪਿਆ।

ਇਸ ਤਰਾਂ ਇਸ ਬਹਾਦਰ ਬੀਬੀ ਗੁਰਦੀਪ ਕੌਰ ਨੇ ਆਪਣੇ ਬੱਚਿਆਂ ਸਮੇਤ ਘਰ ਵੀ ਸੜਨ ਅਤੇ ਲੁੱਟਣ ਤੋ ਬਚਾਇਆ ਅਤੇ ਆਪਣੇ ਗੁਆਂਢੀਆ ਦਾ ਘਰ ਵੀ ਬਚਾਇਆ (ਗੁਆਂਢੀ ਘਰ ਛੱਡ ਕੇ ਜਾ ਚੁਕੇ ਸਨ) ਅਤੇ ਸਮਾਨ ਲੁੱਟਣ ਲਈ ਆਏ ਗੁੰਡਿਆਂ ਦਾ ਇੱਕ ਗੱਡਾ ਜੋ ਉਹ ਲੁੱਟ ਦਾ ਸਮਾਨ ਲੱਦਣ ਵਾਸਤੇ ਲਿਆਏ ਸਨ ਉਹ ਗੱਡਾ ਵੀ ਖੋਹ ਲਿਆ।

ਉਸ ਇਲਾਕੇ ਦੇ ਹਿੰਦੂਆਂ ਚ ਬੀਬੀ ਗੁਰਦੀਪ ਕੌਰ ਦੀ ਏਨੀ ਦਹਿਸ਼ਤ ਸੀ ਕਿ ਲੋਕ ਉਸਨੂੰ ਬੱਬਰ ਸ਼ੇਰਨੀ ਕਹਿ ਕੇ ਯਾਦ ਕਰਦੇ ਨੇ।13 ਜਨਵਰੀ 2024 ਨੂੰ ਬੀਬੀ ਗੁਰਦੀਪ ਕੌਰ ਬਿਮਾਰੀ ਦੀ ਹਾਲਤ ਚ ਅਕਾਲ ਚਲਾਣਾ ਕਰ ਗਈ ਹੈ ਕੌਮ ਨੂੰ ਇਹੋ ਜਹੀਆਂ ਬਹਾਦਰ ਬੀਬੀਆਂ ਤੇ ਮਾਣ ਹੈ।

ਬੀਬੀ ਗੁਰਦੀਪ ਕੌਰ ਜੀ ਦੀ ਦਲੇਰੀ ਨੂੰ ਕੋਟਿਨ-ਕੋਟਿ ਪ੍ਰਣਾਮ।

# ਭਾਰਤ ਅਤੇ ਚੀਨ ਦੇ ਫ਼ੌਜੀਆਂ ਵਿਚਾਲੇ ਝੜਪਾਂ ਦੀਆਂ ਹੋਰ ਘਟਨਾਵਾਂ ਆਈਆਂ ਸਾਹਮਣੇ

ਅਸਲ ਕੰਟਰੋਲ ਰੇਖਾ (ਐੱਲ.ਏ.ਸੀ.) ’ਤੇ ਭਾਰਤੀ ਅਤੇ ਚੀਨੀ ਫ਼ੌਜੀਆਂ ਵਿਚਾਲੇ ਝੜਪਾਂ ਦੀਆਂ ਘੱਟੋ-ਘੱਟ ਦੋ ਅਣਪਛਾਤੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਨ੍ਹਾਂ ਝੜਪਾਂ ਦਾ ਜ਼ਿਕਰ ਭਾਰਤੀ ਫੌਜ ਦੇ ਜਵਾਨਾਂ ਨੂੰ ਦਿਤੇ ਗਏ ਬਹਾਦਰੀ ਪੁਰਸਕਾਰਾਂ ਦੇ ਪ੍ਰਸ਼ੰਸਾ ਚਿੱਠੀ ’ਚ ਕੀਤਾ ਗਿਆ ਹੈ।ਪਿਛਲੇ ਹਫਤੇ ਫੌਜ ਦੀ ਪਛਮੀ ਕਮਾਂਡ ਵਲੋਂ ਇਕ ਸਨਮਾਨ ਸਮਾਰੋਹ ’ਚ ਦਿਤੇ ਗਏ ਪ੍ਰਸੰਸਾ ਪੱਤਰਾਂ ’ਚ ਇਸ ਗੱਲ ਦਾ ਸੰਖੇਪ ਵੇਰਵਾ ਦਿਤਾ ਗਿਆ ਹੈ ਕਿ ਕਿਵੇਂ ਭਾਰਤੀ ਫ਼ੌਜੀਆਂ ਨੇ ਐਲ.ਏ.ਸੀ. ’ਤੇ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐੱਲ.ਏ.) ਦੇ ਜਵਾਨਾਂ ਦੇ ਹਮਲਾਵਰ ਵਿਵਹਾਰ ਦਾ ਸਖਤ ਜਵਾਬ ਦਿਤਾ।ਫੌਜ ਦੀ ਪਛਮੀ ਕਮਾਂਡ ਨੇ ਅਪਣੇ ਯੂ-ਟਿਊਬ ਚੈਨਲ ’ਤੇ 13 ਜਨਵਰੀ ਦੇ ਸਮਾਰੋਹ ਦਾ ਇਕ ਵੀਡੀਉ ਅਪਲੋਡ ਕੀਤਾ ਸੀ, ਜਿਸ ’ਚ ਬਹਾਦਰੀ ਪੁਰਸਕਾਰ ’ਤੇ ਟਿਪਣੀ ਕੀਤੀ ਗਈ ਸੀ ਪਰ ਸੋਮਵਾਰ ਨੂੰ ਇਸ ਨੂੰ ‘ਡੀਐਕਟੀਵੇਟ’ ਕਰ ਦਿਤਾ ਗਿਆ।

ਪਛਮੀ ਕਮਾਂਡ ਦਾ ਮੁੱਖ ਦਫ਼ਤਰ ਹਰਿਆਣਾ ਦੇ ਚੰਡੀ ਮੰਦਰ ਵਿਖੇ ਹੈ। ਜ਼ਿਕਰ ਕੀਤੀਆਂ ਘਟਨਾਵਾਂ ਸਤੰਬਰ 2021 ਅਤੇ ਨਵੰਬਰ 2022 ਦੇ ਵਿਚਕਾਰ ਵਾਪਰੀਆਂ ਸਨ। ਫੌਜ ਵਲੋਂ ਤੁਰਤ ਕੋਈ ਟਿਪਣੀ ਨਹੀਂ ਕੀਤੀ ਗਈ। ਜੂਨ 2020 ’ਚ ਗਲਵਾਨ ਵਾਦੀ ’ਚ ਹੋਈ ਝੜਪ ਤੋਂ ਬਾਅਦ ਭਾਰਤੀ ਫੌਜ 3,488 ਕਿਲੋਮੀਟਰ ਲੰਮੀ ਐਲ.ਏ.ਸੀ. ’ਤੇ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ।

ਮਈ 2020 ਵਿਚ ਪੂਰਬੀ ਲੱਦਾਖ ਸਰਹੱਦੀ ਵਿਵਾਦ ਸ਼ੁਰੂ ਹੋਣ ਤੋਂ ਬਾਅਦ ਪਿਛਲੇ ਸਾਢੇ ਤਿੰਨ ਸਾਲਾਂ ਵਿਚ ਭਾਰਤੀ ਅਤੇ ਚੀਨੀ ਫ਼ੌਜੀਆਂ ਵਿਚਾਲੇ ਐਲ.ਏ.ਸੀ. ’ਤੇ ਝੜਪਾਂ ਦੀਆਂ ਕਈ ਘਟਨਾਵਾਂ ਹੋਈਆਂ ਹਨ। ਚੀਨੀ ਫ਼ੌਜੀਆਂ ਨੇ ਐਲ.ਏ.ਸੀ. ਦੇ ਤਵਾਂਗ ਸੈਕਟਰ ’ਚ ਵੀ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ। ਰਖਿਆ ਮੰਤਰੀ ਰਾਜਨਾਥ ਸਿੰਘ ਨੇ ਘਟਨਾ ਦੇ ਚਾਰ ਦਿਨ ਬਾਅਦ ਸੰਸਦ ’ਚ ਕਿਹਾ ਕਿ 9 ਦਸੰਬਰ, 2022 ਨੂੰ ਪੀ.ਐਲ.ਏ. ਦੇ ਜਵਾਨਾਂ ਨੇ ਤਵਾਂਗ ਸੈਕਟਰ ਦੇ ਯਾਂਗਤਸੇ ਇਲਾਕੇ ’ਚ ਐਲ.ਏ.ਸੀ. ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਕਪਾਸੜ ਤਰੀਕੇ ਨਾਲ ਸਥਿਤੀ ਬਦਲ ਦਿਤੀ।

ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤੀ ਫ਼ੌਜੀਆਂ ਨੇ ਚੀਨੀ ਕੋਸ਼ਿਸ਼ ਦਾ ਡਟ ਕੇ ਅਤੇ ਦ੍ਰਿੜਤਾ ਨਾਲ ਵਿਰੋਧ ਕੀਤਾ। ਸੂਤਰਾਂ ਨੇ ਦਸਿਆ ਕਿ ਚੀਨੀ ਘੁਸਪੈਠ ਦੀ ਕੋਸ਼ਿਸ਼ ਦਾ ਡਟ ਕੇ ਜਵਾਬ ਦੇਣ ਵਾਲੀ ਟੀਮ ਦਾ ਹਿੱਸਾ ਰਹੇ ਕਈ ਭਾਰਤੀ ਫ਼ੌਜੀਆਂ ਨੂੰ ਵੀ ਸਨਮਾਨ ਸਮਾਰੋਹ ’ਚ ਬਹਾਦਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰਾਜਨਾਥ ਸਿੰਘ ਨੇ ਉਸ ਸਾਲ 13 ਦਸੰਬਰ ਨੂੰ ਕਿਹਾ ਸੀ, ‘‘ਟਕਰਾਅ ਕਾਰਨ ਹੱਥੋਪਾਈ ਹੋਈ ਅਤੇ ਭਾਰਤੀ ਫੌਜ ਨੇ ਬਹਾਦਰੀ ਨਾਲ ਪੀ.ਐਲ.ਏ. ਨੂੰ ਸਾਡੇ ਖੇਤਰ ’ਚ ਦਾਖਲ ਹੋਣ ਤੋਂ ਰੋਕ ਦਿਤਾ ਅਤੇ ਉਨ੍ਹਾਂ ਨੂੰ ਅਪਣੀ ਚੌਕੀ ’ਤੇ ਵਾਪਸ ਜਾਣ ਲਈ ਮਜਬੂਰ ਕੀਤਾ।’’

# ਮਾਲਦੀਵ ਦੀ ਖ਼ੁਦਮੁਖਤਿਆਰੀ ਦੀ ਚੀਨ ਵੱਲੋਂ ਡਟਵੀਂ ਹਮਾਇਤ:ਮੁਇਜ਼ੂ

ਮਾਲੇ/ਪੇਈਚਿੰਗ: ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਨੇ ਚੀਨ ਨਾਲ ਆਪਣੇ ਮੁਲਕ ਦੇ ਰਣਨੀਤਕ ਸਬੰਧਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਦੋਵੇਂ ਮੁਲਕ ਇਕ-ਦੂਜੇ ਦਾ ਸਨਮਾਨ ਕਰਦੇ ਹਨ ਅਤੇ ਪੇਈਚਿੰਗ ਹਿੰਦ ਮਹਾਸਾਗਰ ਟਾਪੂ ਦੀ ਖ਼ੁਦਮੁਖਤਿਆਰੀ ਦੀ ਪੂਰੀ ਹਮਾਇਤ ਕਰਦਾ ਹੈ।

ਪਿਛਲੇ ਸਾਲ ਨਵੰਬਰ ’ਚ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਮਗਰੋਂ ਮਾਲਦੀਵ ਦੇ ਭਾਰਤ ਨਾਲ ਦੁਵੱਲੇ ਸਬੰਧਾਂ ’ਚ ਪੈਦਾ ਹੋਏ ਤਣਾਅ ਦਰਮਿਆਨ ਮੁਇਜ਼ੂ ਨੇ ਇਹ ਬਿਆਨ ਦਿੱਤਾ ਹੈ। ਚੀਨ ਦੇ ਸਰਕਾਰੀ ਦੌਰੇ ਮਗਰੋਂ ਸ਼ਨਿਚਰਵਾਰ ਨੂੰ ਮਾਲਦੀਵ ਪਰਤੇ ਮੁਇਜ਼ੂ ਨੇ ਕਿਹਾ ਕਿ ਚੀਨ ਨੇ 1972 ’ਚ ਕੂਟਨੀਤਕ ਸਬੰਧ ਸਥਾਪਿਤ ਕਰਨ ਮਗਰੋਂ ਮਾਲਦੀਵ ਦੇ ਵਿਕਾਸ ’ਚ ਸਹਾਇਤਾ ਕੀਤੀ ਹੈ। ਚੀਨ ਸਮਰਥਕ ਆਗੂ ਮੰਨੇ ਜਾਂਦੇ ਮੁਇਜ਼ੂ ਨੇ ਇਹ ਵੀ ਕਿਹਾ ਕਿ ਚੀਨ ਦੀ ਪੱਟੀ ਅਤੇ ਸੜਕ ਪਹਿਲ (ਬੈਲਟ ਐਂਡ ਰੋਡ ਇਨੀਸ਼ੀਏਟਿਵ) ਨੇ ਦੁਵੱਲੇ ਸਬੰਧਾਂ ਨੂੰ ਇਕ ਨਵੇਂ ਮੁਕਾਮ ’ਤੇ ਪਹੁੰਚਾਇਆ ਹੈ।

ਚੀਨ ਦੇ ਸਰਕਾਰੀ ਸੀਜੀਟੀਐੱਨ ਚੈਨਲ ਨੂੰ ਦਿੱਤੇ ਇੰਟਰਵਿਊ ’ਚ ਮੁਇਜ਼ੂ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਚੀਨ ਅਜਿਹਾ ਮੁਲਕ ਨਹੀਂ ਹੈ ਜੋ ਮਾਲਦੀਵ ਦੇ ਅੰਦਰੂਨੀ ਮਾਮਲਿਆਂ ’ਚ ਦਖ਼ਲ ਦੇਵੇਗਾ। ਇਹੋ ਕਾਰਨ ਹੈ ਕਿ ਦੋਵੇਂ ਮੁਲਕਾਂ ਵਿਚਕਾਰ ਮਜ਼ਬੂਤ ਸਬੰਧ ਹਨ।

ਮੁਇਜ਼ੂ ਨੇ ਇਹ ਵੀ ਕਿਹਾ ਸੀ ਕਿ ਮਾਲਦੀਵ ਅਤੇ ਚੀਨ ਇਕ-ਦੂਜੇ ਦਾ ਸਨਮਾਨ ਕਰਦੇ ਹਨ ਅਤੇ ਚੀਨ, ਮਾਲਦੀਵ ਦੀ ਖ਼ੁਦਮੁਖਤਿਆਰੀ ਦੀ ਪੂਰੀ ਤਰ੍ਹਾਂ ਨਾਲ ਹਮਾਇਤ ਕਰਦਾ ਹੈ।

ਰਾਸ਼ਟਰਪਤੀ ਮੁਇਜ਼ੂ ਦੇ ਹਵਾਲੇ ਨਾਲ ਸਰਕਾਰੀ ਪੀਐੱਸਐੱਮ ਨਿਊਜ਼ ਨੇ ਕਿਹਾ ਕਿ ਚੀਨ ਅਤੇ ਮਾਲਦੀਵ ਦੇ ਸਬੰਧ ਭਵਿੱਖ ’ਚ ਹੋਰ ਵੀ ਵਧੇਰੇ ਮਜ਼ਬੂਤ ਹੋਣਗੇ। ਮੁਇਜ਼ੂ ਨੇ ਕਿਹਾ ਕਿ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਲੋਕਾਂ ਦੇ ਹਿੱਤਾਂ ਨੂੰ ਵਧੇਰੇ ਤਰਜੀਹ ਦਿੰਦੇ ਹਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਚੀਨ ਦਾ ਅਰਥਚਾਰਾ ਨਵੀਆਂ ਬੁਲੰਦੀਆਂ ’ਤੇ ਪਹੁੰਚ ਗਿਆ ਹੈ।



# ਕੌਣ ਹਨ ਹੂਤੀ ਬਾਗੀ, ਜੋ ਅਮਰੀਕਾ ਤੋਂ ਵੀ ਨਹੀਂ ਡਰਦੇ?

ਬੀਤੇ ਦਿਨੀਂ ਅਮਰੀਕਾ ਅਤੇ ਯੂਕੇ ਦੇ ਸੁਰੱਖਿਆ ਬਲਾਂ ਨੇ ਯਮਨ ਵਿਚਲੇ ਹੂਤੀ ਬਾਗੀਆਂ ਦੇ ਟਿਕਾਣਿਆਂ ਉੱਤੇ ਹਮਲੇ ਸ਼ੁਰੂ ਕੀਤੇ ਹਨ।ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਕਿਹਾ ਕਿ ਇਹ ਹਮਲੇ ਨਵੰਬਰ ਮਹੀਨੇ ਤੋਂ ਹੂਤੀ ਬਾਗੀਆਂ ਵੱਲੋਂ ਲਾਲ ਸਾਗਰ ਵਿੱਚ ਸਮੁੰਦਰੀ ਜਹਾਜ਼ਾਂ ਉੱਤੇ ਕੀਤੇ ਜਾ ਰਹੇ ਹਮਲੇ ਦੇ ਜਵਾਬ ਵਿੱਚ ਹਨ।ਹੂਤੀ ਬਾਗੀਆਂ ਦਾ ਯਮਨ ਉੱਤੇ ਕਬਜ਼ਾ ਹੈ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਹਮਾਸ ਦੇ ਸਮਰਥਨ ਵਿੱਚ ਇਜ਼ਰਾਈਲ ਵੱਲ ਜਾ ਰਹੇ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਰਹੇ ਹਨ।ਅਮਰੀਕਾ ਨੇ ਆਪਣੇ ਸਹਿਯੋਗੀ ਦੇਸ਼ਾਂ ਦੇ ਨਾਲ ਹਮਲਾ ਉਦੋਂ ਸ਼ੁਰੂ ਕੀਤਾ ਹੈ ਜਦੋਂ ਉਸ ਦਾ ਇੱਕ ਅਹਿਮ ਸਹਿਯੋਗੀ ਇਜ਼ਰਾਈਲ ਗਾਜ਼ਾ ਵਿੱਚ ਹਮਾਸ ਦੇ ਨਾਲ ਯੁੱਧ ਕਰ ਰਿਹਾ ਹੈ।

ਗਾਜ਼ਾ ਵਿੱਚ ਇਜ਼ਰਾਇਲੀ ਹਮਲੇ ਦੇ ਖ਼ਿਲਾਫ਼ ਪੱਛਮ ਏਸ਼ੀਆ ਵਿੱਚ ਇਸਲਾਮਿਕ ਦੇਸ਼ ਇੱਕਜੁੱਟ ਦਿਖ ਰਹੇ ਹਨ ਪਰ ਯਮਨ ਵਿੱਚ ਹੂਤੀ ਬਾਗੀਆਂ ਦੇ ਟਿਕਾਣਿਆਂ ਉੱਤੇ ਹਮਲੇ ਦੀ ਸਥਿਤੀ ਮੁਸ਼ਕਲ ਹੋ ਰਹੀ ਹੈ।ਹੂਤੀ ਬਾਗੀਆਂ ਨੂੰ ਈਰਾਨ ਦਾ ਸਮਰਥਨ ਕਰਨ ਵਾਲੇ ਜਾਣਿਆ ਜਾਂਦਾ ਹੈ ਸਾਊਦੀ ਅਰਬ ਯਮਨ ਵਿੱਚ ਹੂਤੀ ਬਾਗੀਆਂ ਦੇ ਖ਼ਿਲਾਫ਼ ਸਾਲਾਂ ਤੋਂ ਲੜਦਾ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਦਾ ਕਹਿਣਾ ਹੈ ਕਿ ਈਰਾਨ ਦਾ ਸਮਰਥਨ ਕਰਨ ਵਾਲੇ ਹੂਤੀ ਬਾਗੀ ਬੀਤੇ ਸਾਲ ਨਵੰਬਰ ਤੋਂ ਲਾਲ ਸਾਗਰ ਵਿੱਚੋਂ ਲੰਘਣ ਵਾਲੇ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਇਹ ਹਮਲੇ ਉਸ ਦੀ ਜਵਾਬੀ ਕਾਰਵਾਈ ਹੈ।ਇਹ ਪੱਛਮੀ ਦੇਸਾਂ ਦੇ ਹਮਲੇ ਆਸਟ੍ਰੇਲੀਆ, ਬਹਿਰੀਨ, ਕੈਨੇਡਾ ਅਤੇ ਨੀਦਰਲੈਂਡ ਦੀ ਮਦਦ ਨਾਲ ਕੀਤੇ ਗਏ ਸਨ।

ਹੂਤੀ ਡਿਪਟੀ ਵਿਦੇਸ਼ ਮੰਤਰੀ ਨੇ ਕਿਹਾ ਯੂਐੱਸ ਅਤੇ ਯੂਕੇ ਨੂੰ ਇਸ ਕਾਰਵਾਈ ਦਾ ਮੁੱਲ ਮੋੜਨਾ ਪਵੇਗਾ।

ਹੂਤੀ ਬਾਗੀ ਇਜ਼ਰਾਈਲ-ਹਮਾਸ ਯੁੱਧ ਦੀ ਸ਼ੁਰੂਆਤ ਤੋਂ ਬਾਅਦ ਲਾਲ ਸਾਗਰ ਵਿੱਚ ਵਪਾਰਕ ਸ਼ਿਪਿੰਗ 'ਤੇ ਹਮਲਾ ਕਰ ਰਹੇ ਹਨ। ਹੁਣ ਖਦਸ਼ਾ ਹੈ ਕਿ ਹੂਤੀ ਬਾਗੀਆਂ ਅਤੇ ਅਮਰੀਕੀ ਮਿੱਤਰ ਦੇਸ਼ਾਂ ਵਿਚਾਲੇ ਇਹ ਸੰਘਰਸ਼ ਹੋਰ ਵਧ ਸਕਦਾ ਹੈ।

**ਕੀ ਹੈ ਹੂਤੀ ਸੰਘਰਸ਼ ?**

ਹੂਤੀ ਵਿਦਰੋਹ ਇੱਕ ਫੌਜੀ ਵਿਦਰੋਹ ਹੈ ਜੋ 2004 ਵਿੱਚ ਯਮਨ ਵਿੱਚ ਸ਼ੁਰੂ ਹੋਇਆ ਸੀ। ਹੂਤੀ ਇੱਕ ਧਾਰਮਿਕ ਅਤੇ ਰਾਜਨੀਤਿਕ ਅੰਦੋਲਨ ਹੈ ਜੋ 1990 ਦੇ ਦਹਾਕੇ ਵਿੱਚ ਉਭਰਿਆ ਸੀ।ਇਹ ਯਮਨ ਦੀ ਸਰਕਾਰ ਅਤੇ ਜ਼ੈਦੀ ਸ਼ੀਆ ਹੂਤੀਆਂ ਵਿਚਕਾਰ ਇੱਕ ਟਕਰਾਅ ਹੈ। ਸੰਘਰਸ਼ ਉਦੋਂ ਸ਼ੁਰੂ ਹੋਇਆ ਜਦੋਂ ਯਮਨ ਦੀ ਸਰਕਾਰ ਨੇ ਜ਼ੈਦੀ ਧਾਰਮਿਕ ਨੇਤਾ ਅਤੇ ਸਾਬਕਾ ਸੰਸਦ ਮੈਂਬਰ ਹੁਸੈਨ ਬਦਰੇਦੀਨ ਅਲ-ਹੁਤੀ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ। ਜ਼ਿਆਦਾਤਰ ਲੜਾਈ ਉੱਤਰ-ਪੱਛਮੀ ਯਮਨ ਦੇ ਸਾਦਾਹ ਗਵਰਨੋਰੇਟ ਵਿੱਚ ਹੋਈ, ਪਰ ਕੁਝ ਲੜਾਈ ਗੁਆਂਢੀ ਗਵਰਨਰੇਟਸ ਅਤੇ ਸਾਊਦੀ ਪ੍ਰਾਂਤ ਜੀਜ਼ਾਨ ਵਿੱਚ ਫੈਲ ਗਈ।

2014 ਵਿੱਚ ਰਾਜਧਾਨੀ ਸਨਾ ਉੱਤੇ ਹੋਤੀ ਕਬਜ਼ੇ ਤੋਂ ਬਾਅਦ, ਯਮਨ ਵਿੱਚ ਇੱਕ ਸਾਊਦੀ ਦੀ ਅਗਵਾਈ ਵਾਲੀ ਦਖਲਅੰਦਾਜ਼ੀ ਦੀ ਸ਼ੁਰੂਆਤ ਦੇ ਨਾਲ ਵਿਦਰੋਹ ਇੱਕ ਪੂਰੇ ਪੈਮਾਨੇ ਦੇ ਘਰੇਲੂ ਯੁੱਧ ਵਿੱਚ ਬਦਲ ਗਿਆ। ਹੂਤੀ ਨੂੰ ਈਰਾਨ ਦਾ ਸਮਰਥਨ ਪ੍ਰਾਪਤ ਹੈ ਅਤੇ ਉਹ ਆਪਣੇ ਆਪ ਨੂੰ ਲੇਬਨਾਨ ਦੇ ਸ਼ੀਆ ਹਥਿਆਰਬੰਦ ਸਮੂਹ ਹਿਜ਼ਬੁੱਲਾ ਵਾਂਗ ਕੱਟੜਪੰਥੀ ਮੰਨਦੇ ਹਨ। ਸੰਯੁਕਤ ਰਾਸ਼ਟਰ ਮੁਤਾਬਕ ਇਸ ਸੰਘਰਸ਼ ਵਿਚ ਲਗਭਗ 3,77,000 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 40 ਲੱਖ ਲੋਕ ਬੇਘਰ ਹੋ ਗਏ ਹਨ।

**ਹੂਤੀ ਅੰਦੋਲਨ ਦਾ ਇਤਿਹਾਸ!**

ਹਹੂਤੀ ਲਹਿਰ, ਅਧਿਕਾਰਤ ਤੌਰ 'ਤੇ ਅੰਸਾਰ ਅੱਲ੍ਹਾ ਵਜੋਂ ਜਾਣੀ ਜਾਂਦੀ ਇੱਕ ਸ਼ੀਆ ਇਸਲਾਮੀ ਰਾਜਨੀਤਿਕ ਅਤੇ ਫੌਜੀ ਸੰਗਠਨ ਹੈ ਜੋ 1990 ਦੇ ਦਹਾਕੇ ਵਿੱਚ ਉੱਤਰੀ ਯਮਨ ਵਿੱਚ ਉਭਰਿਆ ਸੀ। ਸ਼ੁਰੂ ਵਿੱਚ ਇਸਦੀ ਅਗਵਾਈ ਹੁਸੈਨ ਬਦਰੇਦੀਨ ਅਲ ਹੂਤੀ, ਇੱਕ ਯਮਨ ਦੇ ਸਿਆਸਤਦਾਨ ਅਤੇ ਇਸਲਾਮ ਦੇ ਜ਼ੈਦੀ ਸੰਪਰਦਾ ਦੇ ਕਾਰਕੁਨ ਦੁਆਰਾ ਕੀਤੀ ਗਈ ਸੀ।

ਹੂਥਤੀ ਅੰਦੋਲਨ ਯਮਨ ਦੀ ਸਰਕਾਰ ਨਾਲ ਬਗਾਵਤਾਂ ਅਤੇ ਟਕਰਾਅ ਵਿੱਚ ਸ਼ਾਮਲ ਰਿਹਾ ਹੈ, ਇਸ ਵਿਚ ਮੁੱਖ ਵਿਦਰੋਹੀ ਬਿਨਾਂ ਕਿਸੇ ਪ੍ਰਕਿਰਿਆ ਦੇ ਸੱਤਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹੂਤੀ ਅੰਦੋਲਨ ਯਮਨ ਦੇ ਉੱਤਰੀ ਪ੍ਰਾਂਤਾਂ ਵਿੱਚ ਜ਼ੈਦੀ ਧਾਰਮਿਕ ਘੱਟਗਿਣਤੀ ਤੋਂ ਪੈਦਾ ਹੋਇਆ ਹੈ ਅਤੇ ਇਸਨੂੰ ਵਿਆਪਕ ਸਮਰਥਨ ਪ੍ਰਾਪਤ ਹੈ। ਇਹ ਪੱਛਮੀ ਯਮਨ ਦੇ ਵੱਡੇ ਖੇਤਰਾਂ ਨੂੰ ਕੰਟਰੋਲ ਕਰਦਾ ਹੈ।

**ਹੂਤੀ ਅੰਦੋਲਨ ਦੇ ਟੀਚੇ**

ਹੂਤੀ ਲਹਿਰ ਦੇ ਬਹੁਤ ਸਾਰੇ ਟੀਚੇ ਅਤੇ ਵੱਖਰੇ ਵਿਚਾਰਧਾਰਕ ਸਿਧਾਂਤ ਹਨ। ਇਸ ਅੰਦੋਲਨ ਦਾ ਉਦੇਸ਼ ਪੂਰੇ ਯਮਨ ਉੱਤੇ ਰਾਜ ਕਰਨਾ ਅਤੇ ਅਮਰੀਕਾ, ਇਜ਼ਰਾਈਲ ਅਤੇ ਸਾਊਦੀ ਅਰਬ ਵਿਰੁੱਧ ਬਾਹਰੀ ਇਸਲਾਮੀ ਅੰਦੋਲਨਾਂ ਦਾ ਸਮਰਥਨ ਕਰਨਾ ਹੈ। ਉਹ ਆਪਣੇ ਆਪ ਨੂੰ ਇਸਲਾਮ ਦੇ ਪਹਿਰੇਦਾਰ ਦੇ ਰੂਪ ਵਿੱਚ ਪੇਸ਼ ਕਰਦੇ ਹਨ, ਬਾਹਰੀ ਹਮਲੇ ਤੋਂ ਯਮਨੀਆਂ ਦੀ ਰੱਖਿਆ ਕਰਦੇ ਹਨ ਅਤੇ ਭ੍ਰਿਸ਼ਟਾਚਾਰ, ਅਰਾਜਕਤਾ ਅਤੇ ਪਛਮੀਕਰਨ ਦੇ ਵਿਰੁੱਧ ਚੈਂਪੀਅਨ ਬਣਦੇ ਹਨ।

ਹੂਤੀ ਲਹਿਰ ਦੇ ਦੋ ਕੇਂਦਰੀ ਧਾਰਮਿਕ-ਵਿਚਾਰਧਾਰਕ ਸਿਧਾਂਤ ਹਨ: "ਕੁਰਾਨ ਦਾ ਮਾਰਗ" ਅਤੇ ਅਹਿਲ ਅਲ-ਬੈਤ (ਪੈਗੰਬਰ ਦੇ ਵੰਸ਼ਜ) ਦੇ ਅਧਿਕਾਰ ਵਿੱਚ ਵਿਸ਼ਵਾਸ। ਉਸਨੇ ਭ੍ਰਿਸ਼ਟਾਚਾਰ ਅਤੇ ਸਰਕਾਰੀ ਸੇਵਾਵਾਂ ਵਿੱਚ ਕਟੌਤੀ ਨੂੰ ਲੈ ਕੇ ਜਨਤਾ ਵਿਚ ਉਭਰੀ ਅਸੰਤੁਸ਼ਟੀ ਦਾ ਵੀ ਫਾਇਦਾ ਉਠਾਇਆ ਹੈ।



**ਹੂਤੀ ਵਿਦਰੋਹ ਦੇ ਸਮਰਥਕ ਤੇ ਯਮਨ 'ਚ ਅਸ਼ਾਂਤੀ ਦੇ ਕਾਰਣ**

ਹੂਤੀ ਵਿਦਰੋਹ ਕਾਰਨ ਯਮਨ ਵਿਚ ਇਸ ਸਮੇਂ ਲੰਬੇ ਅਤੇ ਗੁੰਝਲਦਾਰ ਸੰਘਰਸ਼ ਦੀ ਸਥਿਤੀ ਬਣੀ ਹੋਈ ਹੈ। ਹੂਤੀ ਵਿਦਰੋਹੀਆਂ ਅਤੇ ਯਮਨ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਸਰਕਾਰ ਦਾ ਸਮਰਥਨ ਕਰਨ ਵਾਲੇ ਸਾਊਦੀ ਗਠਜੋੜ ਵਿਚਕਾਰ ਲਗਾਤਾਰ ਲੜਾਈ ਚਲਦੀ ਰਹੀ ਸੀ ਜੋ ਕਿ 2023 ਵਿੱਚ ਕੁਝ ਹੱਦ ਤੱਕ ਘੱਟ ਗਈ ਹੈ, ਪਰ ਦੱਖਣੀ ਪਰਿਵਰਤਨ ਪ੍ਰੀਸ਼ਦ (ਐਸ.ਟੀ.ਸੀ.) ਨੇ ਇੱਕ ਆਜ਼ਾਦ ਦੱਖਣੀ ਯਮਨ ਲਈ ਇੱਕ ਨਵੇਂ ਢਾਂਚੇ ਦੀ ਮੰਗ ਨਵੇਂ ਸਿਰੇ ਤੋਂ ਉਠਾਈ ਹੈ, ਜਿਸ ਕਾਰਨ ਸ਼ਾਂਤੀ ਦੀ ਸੰਭਾਵਨਾ ਘੱਟ ਗਈ ਹੈ। ਇਸ ਤੋਂ ਇਲਾਵਾ, ਅਰਬ ਪ੍ਰਾਇਦੀਪ (ਏਕਿਊਏਪੀ) ਵਿਚ ਅਲ-ਕਾਇਦਾ ਦੇ ਹਮਲੇ ਵਧੇ ਹਨ,, ਲੱਖਾਂ ਲੋਕਾਂ ਨੂੰ ਸਹਾਇਤਾ ਦੀ ਲੋੜ ਹੈ ਅਤੇ ਉਹ ਬੇਘਰ ਹੋ ਗਏ ਹਨ।

ਯਮਨ ਵਿੱਚ ਹੋਤੀ ਵਿਦਰੋਹ ਵਿੱਚ ਕਈ ਦੇਸ਼ਾਂ ਨੇ ਹਿੱਸਾ ਲਿਆ ਹੈ। ਹੋਤੀ ਬਾਗੀਆਂ ਨੂੰ ਈਰਾਨ ਦਾ ਸਮਰਥਨ ਪ੍ਰਾਪਤ ਹੈ, ਜੋ ਉਨ੍ਹਾਂ ਨੂੰ ਹਥਿਆਰ ਅਤੇ ਫੌਜੀ ਸਿਖਲਾਈ ਪ੍ਰਦਾਨ ਕਰਦਾ ਹੈ। ਹੋਤੀ ਆਪਣੇ ਆਪ ਨੂੰ ਲੇਬਨਾਨ ਦੇ ਸ਼ੀਆ ਹਥਿਆਰਬੰਦ ਸਮੂਹ ਹਿਜ਼ਬੁੱਲਾ ਦੇ ਸਮਾਨ ਸਮਝਦੇ ਹਨ, ਜੋ ਉਨ੍ਹਾਂ ਨੂੰ 2014 ਤੋਂ ਵਿਆਪਕ ਫੌਜੀ ਮੁਹਾਰਤ ਅਤੇ ਸਿਖਲਾਈ ਪ੍ਰਦਾਨ ਕਰ ਰਿਹਾ ਹੈ। ਹੋਤੀ ਯਮਨ ਵਿੱਚ ਅਲ-ਕਾਇਦਾ ਅਤੇ ਹੋਰ ਕੱਟੜਪੰਥੀ ਸੁੰਨੀ ਸਮੂਹਾਂ ਦੇ ਵੀ ਕੱਟੜ ਦੁਸ਼ਮਣ ਹਨ।

ਦੂਜੇ ਪਾਸੇ, ਯਮਨ ਦੀ ਸਰਕਾਰ ਨੂੰ ਸਾਊਦੀ ਅਰਬ ਦੀ ਅਗਵਾਈ ਵਾਲੇ ਅਰਬ ਦੇਸ਼ਾਂ ਦੇ ਗਠਜੋੜ ਦਾ ਸਮਰਥਨ ਪ੍ਰਾਪਤ ਹੈ, ਜੋ ਕਿ 2015 ਤੋਂ ਹੂਤੀ ਬਾਗੀਆਂ ਦੇ ਖਿਲਾਫ ਹਵਾਈ ਹਮਲੇ ਕਰ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਅਤੇ ਯੂਨਾਈਟਿਡ ਕਿੰਗਡਮ ਨੇ ਵੀ ਸੰਘਰਸ਼ ਵਿੱਚ ਦਖਲ ਦਿੱਤਾ ਹੈ, ਅਤੇ ਹਾਲ ਹੀ ਵਿੱਚ ਹੂਤੀ ਬਾਗੀਆਂ ਦੇ ਵਿਰੁੱਧ ਫੌਜੀ ਹਮਲੇ ਹੋਏ ਹਨ।

**ਹੂਤੀ ਵਿਦਰੋਹ ਕਿੰਨਾ ਖਤਰਨਾਕ ਹੈ?**

ਹੂਤੀ ਲਹਿਰ ਨੂੰ ਉੱਚ-ਪ੍ਰਭਾਵ ਵਾਲੇ ਹਮਲਿਆਂ ਨੂੰ ਅੰਜਾਮ ਦੇਣ ਦੀ ਸਮਰੱਥਾ ਕਾਰਨ ਖ਼ਤਰਨਾਕ ਮੰਨਿਆ ਜਾਂਦਾ ਹੈ, ਜਿਸ ਦੇ ਵੱਡੇ ਖੇਤਰੀ ਪ੍ਰਭਾਵ ਹਨ। ਹੂਤੀਆਂ ਨੇ ਉੱਨਤ ਹਥਿਆਰਾਂ ਦਾ ਪ੍ਰਦਰਸ਼ਨ ਕੀਤਾ ਹੈ, ਜਿਸ ਵਿੱਚ ਜ਼ਮੀਨੀ ਹਮਲਾ ਕਰਨ ਵਾਲੀਆਂ ਕਰੂਜ਼ ਮਿਜ਼ਾਈਲਾਂ, ਸਟੀਕ-ਸਟਰਾਈਕ ਬੈਲਿਸਟਿਕ ਮਿਜ਼ਾਈਲਾਂ ਅਤੇ ਆਤਮਘਾਤੀ ਡਰੋਨ ਸ਼ਾਮਲ ਹਨ, ਜੋ ਖੇਤਰੀ ਸਥਿਰਤਾ ਲਈ ਖਤਰਾ ਬਣਦੇ ਹਨ ਅਤੇ ਖਾੜੀ ਰਾਜਾਂ ਦੀ ਆਰਥਿਕਤਾ ਅਤੇ ਸੁਰੱਖਿਆ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦੇ ਹਨ।

ਸਮੁੰਦਰੀ ਆਵਾਜਾਈ 'ਤੇ ਉਨ੍ਹਾਂ ਦੇ ਹਮਲਿਆਂ ਨੇ ਬੀਮਾ ਦਰਾਂ ਅਤੇ ਹੋਰ ਸਬੰਧਤ ਖਰਚਿਆਂ ਵਿੱਚ ਵਾਧੇ ਬਾਰੇ ਵੀ ਚਿੰਤਾਵਾਂ ਪੈਦਾ ਕੀਤੀਆਂ ਹਨ।


UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.






Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# .Ck Auto.

SALE

BUY 4 TIRES & GET ALLIGNMENT AT 1/2 PRICE

FLAT TYRE REPAIR FREE




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

## CK AUTO SERVICES LTD.

Clearance Sale *Limited Quantity

On All Seasons & Winter Tires (Auplus & Comforser)




215/70R16 COMFORSER
Reg: ~~$155.00~~
Now : $70.00



235/65R17 COMFORSER
Reg: ~~$220.00~~
Now : $95.00



245/65R17 COMFORSER
Reg: ~~$240.00~~
Now : $100.00



215/70R15 GOOD YEAR INTEGRITY
Reg: ~~$120.00~~
Now : $90.00



SALE

Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave., Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

ਦੇਗ ਤੇਗ ਫਤਹਿ          ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*17 ਜਨਵਰੀ ਦਿਨ ਬੁੱਧਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਮੇਨ ਹਾਲ ਵਿਖੇ ਸਵੇਰੇ 9 ਵਜੇ ਪੈਣਗੇ।

*20 ਜਨਵਰੀ ਦਿਨ ਸ਼ਨਿਚਰਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਬੀਬੀ ਰਣਜੀਤ ਕੌਰ ਖਹਿਰਾ ਪਰਿਵਾਰ ਵੱਲੋਂ ਦੁਪਹਿਰ 2 ਵਜੇ

*21 ਜਨਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਰੌਬਨ ਅਟਵਾਲ ਦੇ ਜਨਮ ਦਿਨ ਦੀ ਖੁਸ਼ੀ ਵਿਚ ਸਮੂਹ ਪਰਿਵਾਰ ਵੱਲੋਂ

*21 ਜਨਵਰੀ ਦਿਨ ਐਤਵਾਰ ਅੰਤਮ ਅਰਦਾਸ ਬੀਬੀ ਹਰਦੇਵ ਕੌਰ ਕੈਬੋਂ ਜੀ ਦੇ ਨਮਿਤ ਸਵੇਰੇ 11 ਵਜੇ ਮੇਨ ਹਾਲ ਵਿਚ:ਵੱਲੋਂ ਸਮੂਹ ਕੈਬੋਂ ਪਰਿਵਾਰ

*21 ਜਨਵਰੀ ਦਿਨ ਐਤਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਪ੍ਰੀਤਮ ਸਿੰਘ ਪਰਿਵਾਰ ਵੱਲੋਂ ਹੋਵੇਗੀ।

*24 ਜਨਵਰੀ ਦਿਨ ਬੁੱਧਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸ. ਮਲਕੀਤ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ    *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ

*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ

*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ

*ਕਥਾ 8 ਵਜੇ ਤੋਂ 9 ਵਜੇ ਤੱਕ    ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ    *ਸੋ-ਦਰ ਚੌਂਕੀ 3.45 ਤੋਂ 4.45 ਤੱਕ

*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30

*ਆਰਤੀ ਚੌਂਕੀ 5.30 ਤੋਂ 6.15    *ਕਥਾ 6.15 ਤੋਂ 6.50 ਵਜੇ ਤੱਕ

*ਢਾਡੀ 6.50 ਤੋਂ 7.40 ਤੱਕ    ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ, ਭਾਈ ਨਿਰਮਲ ਸਿੰਘ ਸੰਗਰੂਰ ਵਾਲੇ,    ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ



## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)


OZLA
OZLA FURNITURE
ALL KINDS OF DESIGNER, MODERN AND CUSTOM FURNITURE
SOLID MAPLEWOOD
SOLID MAPLEWOOD
SOLID MAPLEWOOD
SOLID MAPLEWOOD
SOLID MAPLEWOOD
SOLID MAPLEWOOD
SOLID MAPLEWOOD
SOLID MAPLEWOOD
SOLID MAPLEWOOD BEST PRICES
SOLID MAPLEWOOD
*CUSTOM BEDROOM SUITES
*BOX BEDS *HEADBOARDS
*DRESSERS *CHESTS
*MIRROR *SIDE TABLES
MADE IN CANADA
ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।
Business Hours:
Mon-Fri 6am to 2pm
Saturday/Sunday:Closed
604-372-2122
Email:info@ozla.ca
#109-18669 52 AVE SURREY, BC
www.ozla.ca

# LANGLEY
## BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ

**ਲੈਂਗਲੀ ਬੈਂਕੁਇਟ ਹਾਲ**

ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal

**604-537-9759**

info@langleybanquethall.com

3227 264 St UNIT #6, Aldergrove, BC V4W 2X3



## ਇੰਡੋ-ਕੈਨੇਡਾ ਟਰੈਵਲ ਏਜੰਸੀ

# INDO CANADA
## TRAVEL AGENCY



## ਘੱਟ ਕਿਰਾਇਆ - ਸਹੀ ਸਲਾਹ

*Best Airfares with Quality Assistance*

ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੇ

+1 604 388 9696 , 604 503 8011

**#217-8028-128St, Surrey, BC**

(Little India Plaza) (Second Floor)



# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




*Dream Catering "Your Venue, Our Food"*

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: **604-203-7272**

7236 -120St, Surrey, BC    Email:info@dreambanquethall.ca



## ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)

ਨੂੰ ਫੋਨ ਕਰੋ: **604-518-3637**

ਜਾਂ ਈਮੇਲ ਕਰੋ hssandhupcs@gmail.com





# FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

# CLOVERDALE VILLAGE DENTAL

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

**A House of Family Dentistry**

5635 - 176A Street, Surrey, BC
(across the street from Cloverdale Library)
Cloverdalevillagedental@gmail.com

**604-579-0102**

# ਸ਼ੋਮਣੀ ਅਕਾਲੀ ਦਲ ਬਚਾਉਣ ਦੀ ਜ਼ਰੂਰਤ

ਸੰਨ ੧੯੬੨ ਤੋਂ ਸ਼ੋਮਣੀ ਅਕਾਲੀ ਦਲ ਨੂੰ ਸਿਧਾਂਤ ਤੇ ਨਿਸ਼ਾਨੇ ਵਿਹੂਣਾ ਕਰਨ ਲਈ ਭਾਰਤੀ ਸਟੇਟ ਨੇ ਕਾਮਯਾਬ ਹੋਣ ਦਾ ਰਾਹ ਪੱਧਰਾ ਕਰ ਲਿਆ ਸੀ ਜਦੋਂ ਇਕ ਡੇਰੇਦਾਰ ਫਤਹਿ ਸਿੰਘ ਨਾਮੀ ਵਿਅਕਤੀ ਨੂੰ ਇਸ ਦੀ ਵਾਗਡੋਰ ਸੌਂਪ ਦਿੱਤੀ ਗਈ ਸੀ। ਨਾਲ ਦੇ ਨਾਲ ਸਿੱਖਾਂ ਦੀ ਪਾਰਲੀਮੈਂਟ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਾਗਡੋਰ ਵੀ ਡੇਰੇਦਾਰ ਚੰਨਣ ਸਿੰਘ ਨੂੰ ਸੌਂਪ ਦਿੱਤੀ ਗਈ ਸੀ।

ਅਸੀਂ ਵਰਤਮਾਨ ਨਿਘਾਰ ਨੂੰ ਕੇਵਲ ਆਗੂਆਂ ਦੀਆਂ ਕਮਜ਼ੋਰੀਆਂ ਵਿੱਚੋਂ ਵੇਖਣ ਤੱਕ ਹੀ ਅਟਕ ਜਾਂਦੇ ਹਾਂ ਇਹ ਸਾਡੀ ਵੱਡੀ ਭੁੱਲ ਹੈ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਅਸੀਂ ਆਗੂਆਂ ਦੀਆਂ ਕਮਜ਼ੋਰੀਆਂ ਨੂੰ ਨਹੀਂ ਵੇਖਣਾ। ਵੇਖਣਾ ਹੈ ਜ਼ਰੂਰ ਵੇਖਣਾ ਹੈ।

ਦਾਸ ਨੇ ਲੇਖ ਸੰਨ ੨੦੦੦ ਦੇ ਨੇੜੇ ਤੇੜੇ ਲਿਖਿਆ ਸੀ ਕਿ "ਸਿੱਖ ਕੌਮ ਨੂੰ ਨਵੀਂ ਸਿਆਸੀ ਜਥੇਬੰਦੀ ਦੀ ਲੋੜ " ਇਹ ਲੇਖ ਅਜੀਤ ਅਖਬਾਰ ਜਲੰਧਰ ਵਿਚ ਛਪਿਆ ਸੀ। ਉਸ ਸਮੇਂ ਵੀ ਪੰਥ ਦਰਦੀਆਂ ਨੇ ਵੱਡਾ ਹੁੰਗਾਰਾ ਭਰਿਆ ਸੀ।

ਅੱਜ ਜਦੋਂ " ਸ਼ੋਮਣੀ ਅਕਾਲੀ ਦਲ " ਸ਼ਬਦ ਹੀ ਪੰਥਕ ਕਹਾਉਣ ਵਾਲਿਆਂ ਦੀ ਰੱਸਾਕਸ਼ੀ ਦਾ ਸ਼ਿਕਾਰ ਹੋ ਚੁੱਕਾ ਹੈ। ਕਈ ਸਿੱਖ ਸਿਆਸੀ ਧੜਿਆਂ ਨੇ ਇਸ ਸ਼ਬਦ " ਸ਼ੋਮਣੀ ਅਕਾਲੀ ਦਲ " ਨੂੰ ਧੜੇ ਦੇ ਪ੍ਰਗਟਾਵੇ ਲਈ ਵਰਤਣਾ ਜਾਰੀ ਰੱਖਿਆ ਹੋਇਆ ਹੈ। ਧੜਿਆਂ ਦੀ ਦਲ ਦਲ ਵਿਚ ਇਸ ਮੌਕੇ ਘਿਰੀ ਹੋਈ ਹੈ ਸਿੱਖ ਕੌਮ।

ਕੌਮੀ ਸੱਥਾਂ ਵਿਚ ਫਿਕਰਮੰਦ ਪੰਥਕ ਪਿਆਰ ਵਾਲੇ ਇਸ ਸਮੇਂ ਇਹ ਸਵਾਲ ਸਾਹਮਣੇ ਰੱਖ ਕੇ ਬੈਠੇ ਹਨ ਕਿ " ਸ਼ੋਮਣੀ ਅਕਾਲੀ ਦਲ " ਤੋਂ ਬਗੈਰ ਸਿੱਖ ਸਿਆਸਤ ਦਾ ਕੋਈ ਖੈਰ ਖਵਾਹ ਹੋ ਸਕਦਾ ਹੈ? ਇਹ ਵੀ ਆਪੇ ਹੀ ਉੱਤਰ ਦੇਂਦੇ ਮਿਲਦੇ ਹਨ ਕਿ ਨਹੀਂ " ਸ਼ੋਮਣੀ ਅਕਾਲੀ ਦਲ ਤੋਂ ਬਗੈਰ ਕੋਈ ਵੀ ਸਿੱਖ ਸਿਆਸਤ ਨੂੰ ਸਮਝਣ ਵਾਲਾ ਇਸ ਲਈ ਲੜਨ ਵਾਲਾ ਨਹੀਂ ਹੈ। "

ਐਸੀ ਪੰਥਕ ਸੋਚ ਦੇ ਵਾਰਸਾਂ ਦੀ ਪੀੜ ਵਿਚੋਂ ਇਹ ਸ਼ਬਦ ਆਮ ਮੁਹਾਰੇ ਨਿਕਲਦੇ ਹਨ " ਕਿ ਸ਼ੋਮਣੀ ਅਕਾਲੀ ਦਲ ਨੂੰ ਬਚਾਉਣਾ ਬਹੁਤ ਜਰੂਰੀ ਹੈ"।

ਹੁਣ ਸਵਾਲ ਉੱਠਦਾ ਹੈ ਕਿ ਬਚਾਇਆ ਕਿਵੇਂ ਜਾਵੇ?

ਕੀ ਕੁਰਸੀਆਂ ਤਥਾ ਸੱਤਾ ਦੀ ਭੁੱਖ ਦੇ ਸ਼ਿਕਾਰ ਚੌਧਰੀ ਬਿਰਤੀ ਵਾਲੇ ਹੀ ਬਚਾਅ ਸਕਦੇ ਹਨ ਜਾਂ ਕੋਈ ਹੋਰ ਵੀ ਢੰਗ ਤਰੀਕਾ ਹੈ ? ਸ਼ੋਮਣੀ ਅਕਾਲੀ ਦਲ ਦੀ ਕੌਮੀ ਘਰ ਅੰਦਰ ਬੱਚੇ ਬੱਚੇ ਤੱਕ ਹੋ ਚੁੱਕੀ ਰਸਾਈ ਜਿੱਥੇ ਇਸ ਦੀ ਬੀਤੇ ਦੀ ਘਾਲਣਾ ਨੂੰ ਉਜਾਗਰ ਕਰਦੀ, ਉੱਥੇ ਇਹ ਧਾਰਨਾ ਨੂੰ ਪੁੱਖਤਾ ਕਰਦੀ ਹੈ ਕਿ ਸਿੱਖ ਸਿਆਸਤ ਦੇ ਪ੍ਰਗਟਾਵੇ ਲਈ ਸ਼ੋਮਣੀ ਅਕਾਲੀ ਦਲ ਲਾਜ਼ਮੀ ਚਾਹੀਦਾ ਹੈ।

ਇੱਥੇ ਦੂਜਾ ਵੱਡਾ ਸਵਾਲ ਇਹ ਹੈ ਕਿ ਕੀ ਬਾਦਲਕਿਆਂ ਵਾਲਾ ਧੜਾ ਹੀ ਅਸਲੀ ਸ਼ੋਮਣੀ ਅਕਾਲੀ ਦਲ ਹੈ? ਭਾਵੇਂ ਉਪਰੋਕਤ ਸਵਾਲ ਬਾਰੇ ਕਹਿ ਸਕਦੇ ਹਾਂ ਨਹੀਂ! ਇਕੱਲਾ ਧੜਾ ਕੌਮੀ ਮਾਨਤਾ ਵਾਲਾ ਸ਼ੋਮਣੀ ਅਕਾਲੀ ਦਲ ਨਹੀਂ ਹੈ। ਉਹ ਇਕ ਪ੍ਰਭਾਵਸ਼ਾਲੀ ਧੜਾ ਹੀ ਹੈ। ਪੈਸੇ ਤੇ ਸੱਤਾਧਾਰੀ ਹੋਣ ਕਰਕੇ ਸਿੱਖ ਸਮਾਜ ਦੇ ਵੱਡੇ ਹਿੱਸੇ ਨੂੰ ਇਹ ਜਚਾਅ ਗਿਆ ਸੀ।

ਅੱਜ ਜਦੋਂ ਸ਼ੋਮਣੀ ਅਕਾਲੀ ਦਲ ਬਚਾਉਣ ਦਾ ਖਿਆਲ ਉੱਠ ਰਿਹਾ ਹੈ ਤਾਂ ਇਸ ਦੇ ਮਗਰ ਉਹ ਸ਼ੋਮਣੀ ਅਕਾਲੀ ਦਲ ਵੇਖਣ ਦੀ ਧਾਰਨਾ ਹੈ ਜੋ ੧੯੨੦ ਵਿਚ ਹੋਂਦ ਵਿਚ ਆਇਆ ਸੀ ਉਹ ਚਾਹੀਦਾ ਹੈ। ਜਿਸਦੇ ਵਾਰਸ ਇਹ ਕਹਿੰਦੇ ਥੱਕਦੇ ਨਹੀਂ " ਪੰਥ ਵਸੇ ਮੈਂ ਉੱਜੜਾਂ ਮਨ ਚਾਓ ਘਨੇਰਾ "। ਅੱਜ ਦੇ ਅਕਾਲੀ ਕਹਾਉਣ ਵਾਲੇ ਬਹੁਤੇ ਅਕਾਲੀ ਖੂਬੀਆਂ ਤੋਂ ਸੱਖਣੇ ਹਨ।

ਇਸ ਮੌਕੇ ਅਕਾਲੀ ਸਿਆਸਤ ਦੇ ਠੇਕੇਦਾਰ ਫਿਰ ਦਾਅਵੇਦਾਰ ਬਣਨ ਲਈ ਖਸਤਾ ਬਸਤਰ ਨੂੰ ਟਾਕੀਆਂ ਲਾ ਸੰਤੁਸ਼ਟ ਹੋ ਰਹੇ ਹਨ। ਦੂਜੇ ਪਾਸੇ ਹੋਰ ਧੜਿਆਂ ਵਾਲੇ ਕੇਵਲ ਬਾਦਲਕਿਆਂ ਨੂੰ ਢਾਹੁਣ ਦੀ ਗੱਲ ਆਪਣੇ ਆਪਣੇ ਧੜਿਆਂ ਵਿਚ ਖਲੋ ਕੇ ਕਰਦੇ ਦਿਸਦੇ ਹਨ। ਇਕ ਕੌਮੀ ਸਿਆਸੀ ਦੱਲ ਲਈ ਪੂਰੇ ਗੰਭੀਰ ਨਹੀਂ ਹਨ।

ਇਕ ਧਾਰਨਾ ਇਹ ਵੀ ਚਰਚਾ ਵਿਚ ਹੈ ਕਿ ਬਿਨਾ ਸੁਖਬੀਰ ਸਿੰਘ ਬਾਦਲ ਤੇ ਉਸ ਖਾਨਦਾਨ ਵਾਲਿਆਂ ਦੇ ਅੱਗੇ ਰਹਿੰਦਿਆਂ ਕੌਮ ਕਦੀ ਵੀ ਕਿਸੇ ਨੂੰ ਪਰਵਾਨ ਨਹੀਂ ਕਰ ਸਕਦੀ।

ਇੱਥੇ ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਕੀ ਧੜਿਆਂ ਦੀ ਰਹਿੰਦਿਆਂ ਸਿੱਖ ਕੌਮ ਦੀ ਸਿਆਸੀ ਹੋਣੀ ਸਿਰਜੀ ਜਾ ਸਕੇਗੀ ?

ਕੌਮੀ ਸਿਧਾਂਤ ਮਰਯਾਦਾ ਨਾਲ ਜੁੜਿਆ ਹੋਇਆ ਹਿੱਸਾ ਸਿੱਖ ਸਿਆਸਤ ਦੀ ਸਹੀ ਹੋਣੀ ਲਈ ਉਸ ਸ਼ੋਮਣੀ ਅਕਾਲੀ ਦਲ ਦੀ ਹੋਂਦ ਨੂੰ ਬਰਕਰਾਰ ਵੇਖਣ ਦਾ ਚਾਹਵਾਨ ਹੈ, ਜੋ ਵਾਸਤਵ ਵਿਚ ਗੁਰਸਿੱਖੀ ਜੀਵਨ ਵਾਲਿਆਂ ਦੀ ਸ਼ਮੂਲੀਅਤ ਵਾਲਾ ਹੋਵੇ। ਇਹ ਸੰਕਲਪ ਤਥਾ ਚਾਹਤ ਸਭ ਤੋਂ ਵਧੇਰੇ ਸਾਰਥਿਕ ਤੇ ਕੌਮੀ ਚਾਹਤ ਦੀ ਪੂਰਤੀ ਵਾਲਾ ਹੈ।

ਇਸ ਕੌਮੀ ਚਾਹਤ ਦੀ ਪੂਰਤੀ ਲਈ ਵਰਤਮਾਨ ਸਮੇਂ ਦੇ ਪੰਥ ਪ੍ਰਸਤਾਂ ਨੂੰ ਪਹਿਲ ਕਰਨ ਲਈ ਖਾਸ ਵਿਉਂਤਬੰਦੀ ਨਾਲ ਅੱਗੇ ਆਉਣਾ ਜ਼ਰੂਰੀ ਹੈ। ਸਿਆਸਤ ਨੂੰ ਨਫ਼ਰਤ ਕਰਕੇ ਕਲਪਨਾ ਨਾਲ ਸੁਧਾਰ ਲਈ ਅੱਗੇ ਨਹੀਂ ਵਧਿਆ ਜਾ ਸਕਦਾ।

ਇਹ ਹੱਥਲੇ ਵੀਚਾਰ ਲਿਖਣ ਦਾ ਮੁੱਖ ਕਾਰਣ ਇਕ ਵਿਦਵਾਨ ਸਿੱਖ ਵੱਲੋਂ ਕਹੇ ਗਏ ਇਹ ਸ਼ਬਦ ਬਣੇ ਹਨ " ਕਿ ਤੁਸੀਂ ਸ਼ੋਮਣੀ ਅਕਾਲੀ ਦਲ ਬਚਾਓ " ।

ਉਨ੍ਹਾਂ ਵਲੋਂ ਇਹ ਸ਼ਬਦ ਉਸ ਧੜੇ ਵਿਚ ਸੁਧਾਰ ਕਰਨ ਦੀ ਭਾਵਨਾ ਨਾਲ ਹੀ ਕਹੇ ਗਏ ਮਹਿਸੂਸ ਹੋਏ। ਜਿਸ ਨੂੰ ਬਾਦਲਕਿਆਂ ਦਾ ਧੜਾ ਆਖਦੇ ਹਾਂ!

ਦਾਸ ਵੀ ਹੈਰਾਨ ਸੀ ਇਹ ਸ਼ਬਦ ਮੈਨੂੰ ਕਿਉਂ ਕਹੇ ਹਨ? ਦਾਸ ਦਾ ਤਾਂ ਉਸ ਧੜੇ ਨਾਲ ਵਾਹਵਾਸਤਾ ਨਹੀਂ !

ਉਨ੍ਹਾਂ ਇਕ ਵੱਡਾ ਤਰਕ ਵੀ ਦਿੱਤਾ, ਕਿ ਇਸ ਧੜੇ ਵਾਲੇ ਅਕਾਲੀ ਦਲ ਨੂੰ ਬਚਾਉਣ ਦੇ ਹੱਕ ਵਿਚ ਇਹ ਕਿਹਾ ਕਿ ਬਾਕੀ ਅਕਾਲੀ ਧੜਿਆਂ ਵਾਲੇ ਖਾਲਿਸਤਾਨ ਦੀ ਮੰਗ ਨਾਲ ਜੁੜੇ ਹੋਏ ਹਨ ਜਦੋਂ ਕਿ ਕੌਮ ਇਸ ਮੰਗ ਨਾਲ ਸਹਿਮਤ ਨਹੀਂ ਹੈ।

ਸੋ ਇਸ ਤਰ੍ਹਾਂ ਦੀ ਡਿੱਗਦੀ ਢਹਿੰਦੀ ਦਸ਼ਾ ਦੇ ਹੁੰਦਿਆਂ ਸ਼ੋਮਣੀ ਅਕਾਲੀ ਦਲ ਕਿਵੇਂ ਬਚ ਸਕਦਾ ਹੈ? ਕੌਮਪ੍ਰਸਤਾਂ ਸਿੱਖਾਂ ਅੱਗੇ ਇਸ ਕੱਚੇ ਪੱਕੇ ਖੜ੍ਹੇ ਸਵਾਲ ਨੂੰ ਰੱਖਿਆ ਹੈ। ਸੁਝਾਅ ਇਕੱਠੇ ਕਰਨ ਦੀ ਮਨਸ਼ਾ ਹੈ ਜੋ ਫਿਰ ਕੌਮ ਅੱਗੇ ਰੱਖੇ ਜਾਣਗੇ । ਜਿਸ ਨੂੰ ਪੰਥ ਦਰਦੀ ਸਹੀ ਲਾਮਬੰਦੀ ਲਈ ਵਰਤ ਕੇ ਕੌਮੀ ਮਨਸ਼ਾ ਦੀ ਪੂਰਤੀ ਕਰ ਸਕਣਗੇ।

**ਗਿਆਨੀ ਕੇਵਲ ਸਿੰਘ**
**ਸਾਬਕਾ ਜਥੇਦਾਰ ਤਖਤ ਦਮਦਮਾ ਸਾਹਿਬ**

# ਕਾਂਗਰਸੀ ਨੇਤਾ ਸੁਖਪਾਲ ਖਹਿਰਾ ਨੂੰ ਜ਼ਮਾਨਤ ਮਿਲੀ



ਜਲੰਧਰ-ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਰੁੱਧ ਥਾਣਾ ਸੁਭਾਨਪੁਰ ਕਪੂਰਥਲਾ ਵਿਖੇ ਦਰਜ ਹੋਏ ਮਾਮਲੇ 'ਚ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਹੈ। ਸ੍ਰੀ ਖਹਿਰਾ ਦੀ ਜ਼ਮਾਨਤ 'ਤੇ ਦੋਵਾਂ ਧਿਰਾਂ ਦਰਮਿਆਨ 12 ਜਨਵਰੀ ਨੂੰ ਬਹਿਸ ਹੋਈ ਸੀ ਤੇ ਅੱਜ ਲਈ ਫ਼ੈਸਲਾ ਰਾਖਵਾਂ ਸੀ, ਜਿਸ ਤਹਿਤ ਅੱਜ ਅਦਾਲਤ ਵਲੋਂ ਖਹਿਰਾ ਦੀ ਜ਼ਮਾਨਤ ਮਨਜ਼ੂਰ ਕਰ ਲਈ ਗਈ ਹੈ। ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਦੇ ਹੱਕ ਵਿੱਚ ਆਵਾਜ਼ ਉਠਾਈ ਹੈ।? ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿਆਸੀ ਬਦਲਾਖ਼ੋਰੀ ਤਹਿਤ ਸੁਖਪਾਲ ਸਿੰਘ ਖਹਿਰਾ ਨੂੰ ਪ੍ਰੇਸ਼ਾਨ ਕੀਤਾ ਹੈ ਅਤੇ ਝੂਠੇ ਕੇਸ ਪਾਕੇ ਉਨ੍ਹਾਂ ਨੂੰ ਜੇਲ੍ਹ ਵਿਚ ਬੰਦ ਕੀਤਾ ਗਿਆ ਹੈ,ਜਿਸ ਦੀ ਉਹ ਨਿੰਦਾ ਕਰਦੇ ਹਨ। ਉਨ੍ਹਾਂ ਸੋਸ਼ਲ ਮੀਡੀਆ ਉਪਰ ਪੋਸਟ ਪਾਕੇ ਕਿਹਾ ਹੈ ਕਿ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਲਈ ਪੰਜਾਬ ਸਰਕਾਰ ਕੋਲ ਤੰਤਰ ਹੈ ਪਰ ਉਸ ਦੇ ਪੁੱਤਰ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਨੂੰ ਲੀਕ ਵਾਲਿਆਂ ਖ਼?ਲਾਫ਼ ਕਾਰਵਾਈ ਕਰਨ ਲਈ ਸਰਕਾਰ ਕੋਲ ਕੋਈ ਕਾਰਵਾਈ ਦੀ ਆਸ ਨਹੀਂ ਹੈ।



# ਯੂਕੇ ਦੇ ਸਮੂਹ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਕਿਸੇ ਵੀ ਸਿਆਸਤਦਾਨ ਨੂੰ ਬੋਲਣ ਦੀ ਇਜਾਜ਼ਤ ਤੇ ਰੋਕ ਦੀ ਅਪੀਲ: ਯੂਕੇ ਸਿੱਖ ਜਥੇਬੰਦੀਆਂ

ਨਵੀਂ ਦਿੱਲੀ:-ਗੁਰੂ ਨਾਨਕ ਗੁਰਦੁਆਰਾ, ਸਮੈਥਵਿਕ ਵਿਖੇ ਯੂਕੇ ਦੇ ਸਾਰੇ ਗੁਰਦੁਆਰਿਆਂ, ਸਿੱਖ ਸੰਸਥਾਵਾਂ ਅਤੇ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਦੀ ਇੱਕ ਰਾਸ਼ਟਰੀ ਕਾਨਫਰੰਸ ਹੋਈ। ਇਸ ਵਿਚ ਬਰਤਾਨਵੀ ਸਿੱਖ ਨੁਮਾਇੰਦੇ ਕੈਨੇਡਾ, ਅਮਰੀਕਾ ਅਤੇ ਯੂ.ਕੇ. ਵਿੱਚ ਭਾਰਤ ਸਰਕਾਰ ਵੱਲੋਂ ਡਾਇਸਪੋਰਾ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਅੰਤਰ-ਰਾਸ਼ਟਰੀ ਦਮਨ ਦੀਆਂ ਤਾਜ਼ਾ ਉੱਚ ਪੱਧਰੀ ਉਦਾਹਰਣਾਂ ਪ੍ਰਤੀ ਡੂੰਘੀ ਚਿੰਤਾ ਪ੍ਰਗਟ ਕਰਨ ਲਈ ਇਕੱਠੇ ਹੋਏ।

ਦ ਟਾਈਮਜ਼ ਵਿਚ ਜਾਰੀ ਹੋਈ ਖ਼ਬਰ ਜਿਸ ਵਿੱਚ ਭਾਰਤ ਵੱਲੋਂ ਸਿੱਖ ਕਾਰਕੁੰਨਾਂ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਾ ਕਾਨਫਰੰਸ ਵਿੱਚ ਹਵਾਲਾ ਦਿੱਤਾ ਗਿਆ ਸੀ। ਰਿਸ਼ੀ ਸੁਨਕ ਦੀ ਅਗਵਾਈ ਵਾਲੀ ਯੂਕੇ ਸਰਕਾਰ, ਅਧਿਕਾਰਤ ਵਿਰੋਧੀ ਧਿਰ ਅਤੇ ਯੂਕੇ ਦੇ ਸਿਆਸਤਦਾਨਾਂ ਵੱਲੋਂ ਭਾਰਤ ਸਰਕਾਰ ਦੁਆਰਾ ਕੀਤੇ ਗਏ ਅੰਤਰ-ਰਾਸ਼ਟਰੀ ਦਮਨ ਦੀ ਨਿੰਦਾ ਕਰਦੇ ਹੋਏ ਯੂਕੇ ਸਰਕਾਰ ਦੀ ਚੁੱਪੀ ਧਾਰਨ ਤੇ ਸਿੱਖਾਂ ਨੇ ਭਾਰੀ ਰੋਹ ਦਾ ਪ੍ਰਗਟਾਵਾ ਕੀਤਾ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ (ਐਫਐਸਓ) ਜਿਸ ਦੀ ਸਿੱਖ ਫੈਡਰੇਸ਼ਨ (ਯੂ.ਕੇ.) ਮੋਹਰੀ ਮੈਂਬਰ ਹੈ, ਦੁਆਰਾ ਬੁਲਾਈ ਗਈ ਇਸ ਕਾਨਫਰੰਸ ਵਿੱਚ ਬਹੁਤ ਭਾਰੀ ਇਕੱਠ ਹੋਇਆ। ਇਕੱਠੇ ਹੋਏ ਸਿੱਖਾਂ ਨੇ ਅੰਤਰ-ਰਾਸ਼ਟਰੀ ਦਮਨ ਦੇ ਸਬੰਧ ਵਿੱਚ ਕਈ ਮਤੇ ਪਾਸ ਕੀਤੇ। ਕੈਨੇਡੀਅਨ ਸਰਕਾਰ ਅਤੇ ਅਮਰੀਕੀ ਪ੍ਰਸ਼ਾਸਨ ਨੂੰ ਅਪੀਲ ਕੀਤੀ ਗਈ ਕਿ ਉਹ ਭਾਰਤ ਸਰਕਾਰ ਵਿੱਚ ਉਨ੍ਹਾਂ ਲੋਕਾਂ ਦਾ ਲਗਾਤਾਰ ਪਿੱਛਾ ਕਰਨ, ਜਵਾਬਦੇਹ ਰੱਖਣ ਅਤੇ ਸਜ਼ਾ ਦੇਣ ਲਈ ਕਿਹਾ ਗਿਆ ਹੈ ਜਿਨ੍ਹਾਂ ਨੇ ਕੈਨੇਡੀਅਨ ਅਤੇ ਅਮਰੀਕਾ ਦੀ ਧਰਤੀ 'ਤੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਅੱਤਵਾਦੀ ਕਾਰਵਾਈਆਂ ਕਰਨ ਦੇ ਆਦੇਸ਼ ਦਿੱਤੇ ਸਨ। ਮਤੇ ਰਸਮੀ ਤੌਰ 'ਤੇ ਕੈਨੇਡੀਅਨ ਸਰਕਾਰ ਅਤੇ ਅਮਰੀਕੀ ਪ੍ਰਸ਼ਾਸਨ ਨੂੰ ਸੂਚਿਤ ਕਰਨ ਲਈ ਪਾਸ ਕੀਤੇ ਗਏ।

ਯੂਕੇ ਸਰਕਾਰ ਅਤੇ ਰਿਸ਼ੀ ਸੁਨਕ ਨੇ ਡਾਇਸਪੋਰਾ ਵਿੱਚ ਸਿੱਖ ਕਾਰਕੁਨਾਂ ਉੱਤੇ ਭਾਰਤ ਸਰਕਾਰ ਦੇ ਅੰਤਰ-ਰਾਸ਼ਟਰੀ ਦਮਨ ਦੀ ਨਿੰਦਾ ਕਰਦੇ ਹੋਏ ਕੈਨੇਡੀਅਨ ਸਰਕਾਰ ਅਤੇ ਯੂਐਸ ਪ੍ਰਸ਼ਾਸਨ ਦੀ ਜਨਤਕ ਤੌਰ 'ਤੇ ਹਮਾਇਤ ਕਰਨ ਵਿੱਚ ਸੀਮਤ ਸਮਰਥਨ ਅਤੇ ਆਪਣੀ ਚੁੱਪ ਲਈ ਕਾਨਫਰੰਸ ਵਿੱਚ ਕਾਫ਼ੀ ਆਲੋਚਨਾ ਕੀਤੀ। ਰਿਸ਼ੀ ਸੁਨਕ ਦੀ ਅਗਵਾਈ ਹੇਠ ਸਿੱਖ ਕਾਰਕੁਨਾਂ ਨੂੰ ਖਤਮ ਕਰਨ ਅਤੇ ਨਿਸ਼ਾਨਾ ਬਣਾਉਣ ਲਈ ਯੂਕੇ ਸਰਕਾਰ ਦੀ ਨਿੰਦਾ ਕਰਨ ਲਈ ਮਤੇ ਵੀ ਪਾਸ ਕੀਤੇ ਗਏ । ਯੂਕੇ ਸਰਕਾਰ ਨੇ ਭਾਰਤ ਦੀ ਸੁਰੱਖਿਆ ਦਾ ਬਹਾਨਾ ਬਣਾ ਕੇ ਸਿੱਖਾਂ ਨੂੰ ਬੇਈਮਾਨੀ ਵਾਲੀ ਸ਼ਬਦਾਵਲੀ ਵਰਤ ਕੇ ਖਾਲਿਸਤਾਨੀ ਅੱਤਵਾਦੀ ਗਰਦਾਨ ਕੇ ਭਾਰਤ ਸਰਕਾਰ ਨੂੰ ਖੁਸ਼ ਕੀਤਾ ਹੈ । ਇਕੱਤਰ ਹੋਏ ਸਿੱਖਾਂ ਨੇ 15 ਜੂਨ 2023 ਨੂੰ ਅਵਤਾਰ ਸਿੰਘ ਖੰਡਾ ਦੀ ਰਹੱਸਮਈ ਮੌਤ ਦੀ ਸਹੀ ਢੰਗ ਨਾਲ ਜਾਂਚ ਕਰਨ ਵਿੱਚ ਵੈਸਟ ਮਿਡਲੈਂਡਜ਼ ਪੁਲਿਸ ਅਤੇ ਸੀਨੀਅਰ ਕੋਰੋਨਰ ਦੀਆਂ ਨਾਕਾਮੀਆਂ ਨੂੰ ਪਛਾਣਿਆ ਅਤੇ ਇੱਕ ਹੋਰ ਪੁਲਿਸ ਫੋਰਸ ਦੁਆਰਾ ਸੁਤੰਤਰ ਜਾਂਚ, ਅਤੇ ਜਨਤਕ ਜਾਂਚ ਲਈ ਉਸਦੇ ਪਰਿਵਾਰ ਦੁਆਰਾ ਕਾਨੂੰਨੀ ਚੁਣੌਤੀ ਦਾ ਸਮਰਥਨ ਕੀਤਾ।

ਯੂਕੇ ਦੇ ਬਹੁਤ ਸਾਰੇ ਸਿਆਸਤਦਾਨਾਂ ਲਈ ਖਤਰੇ ਦੀ ਘੰਟੀ ਵੱਜਣ ਵਾਲੇ ਮੱਤੇ ਪਾਸ ਕੀਤੇ ਗਏ । ਮਤੇ ਵਿੱਚ ਪੂਰੇ ਯੂਕੇ ਦੇ 250 ਤੋਂ ਵੱਧ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਯੂਕੇ ਦੇ ਕਿਸੇ ਵੀ ਸਿਆਸਤਦਾਨ ਨੂੰ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਬੋਲਣ ਦੀ ਇਜਾਜ਼ਤ ਨਾ ਦਿੱਤੀ ਜਾਵੇ ਜਦੋਂ ਤੱਕ ਇਹ ਸਿਆਸਤਦਾਨ ਜਨਤਕ ਤੌਰ 'ਤੇ ਸਿੱਖਾਂ ਨੂੰ ਭਾਰਤ ਸਰਕਾਰ ਦੁਆਰਾ ਡਾਇਸਪੋਰਾ ਵਿੱਚ ਸਿੱਖ ਕਾਰਕੁੰਨਾਂ ਦੇ ਅੰਤਰ-ਰਾਸ਼ਟਰੀ ਦਮਨ ਦੇ ਨਿਸ਼ਾਨਾ ਬਣਾਉਣ ਦੀ ਨਿੰਦਾ ਨਹੀਂ ਕਰਦਾ।

ਆਉਣ ਵਾਲੀਆਂ ਆਮ ਚੋਣਾਂ ਅਤੇ ਇੱਕ ਲੇਬਰ ਸਰਕਾਰ ਦੇ ਸੰਭਾਵਿਤ ਨਤੀਜਿਆਂ ਨੂੰ ਮੱਦੇਨਜਰ ਰੱਖ ਤੇ ਮਤੇ ਪਾਸ ਕੀਤੇ ਗਏ । ਯੂਕੇ ਦੀ ਅਗਲੀ ਸਰਕਾਰ ਨੂੰ "ਖਾਲਿਸਤਾਨ ਪੱਖੀ ਅਤਿਵਾਦ" ਸ਼ਬਦ ਨੂੰ ਤੁਰੰਤ ਬੰਦ ਕਰਨ, ਜਗਤਾਰ ਸਿੰਘ ਜੌਹਲ ਦੀ ਤੁਰੰਤ ਰਿਹਾਈ ਦੀ ਮੰਗ ਕਰਨ ਅਤੇ ਸੱਤਾ ਵਿੱਚ ਆਉਣ ਦੇ 100 ਦਿਨਾਂ ਦੇ ਅੰਦਰ ਜੂਨ 1984 ਵਿੱਚ ਬਰਤਾਨੀਆ ਦੀ ਸ਼ਮੂਲੀਅਤ ਬਾਰੇ ਜੱਜ ਦੀ ਅਗਵਾਈ ਵਾਲੀ ਜਾਂਚ ਸ਼ੁਰੂ ਕਰਨ ਦੀ ਅਪੀਲ ਕੀਤੀ ਗਈ ਹੈ। ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ ਦੌਰਾਨ ਭਾਰਤ ਨੂੰ ਖੁਸ਼ ਕਰਨ ਲਈ 1984 ਤੋਂ ਯੂਕੇ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਯੂਕੇ ਅਧਿਕਾਰੀਆਂ ਦੀਆਂ ਕਾਰਵਾਈਆਂ ਦੀ ਜਾਂਚ ਕਰਨ ਲਈ ਵੀ ਦਬਾਅ ਬਣਾਇਆ ਜਾਵੇਗਾ ਕਿਉਂਕਿ ਇਹ ਇੱਕ ਨੀਤੀ ਹੈ ਜਿਸ ਦਾ ਅੰਤ ਹੋਣਾ ਚਾਹੀਦਾ ਹੈ। ਭਵਿੱਖ ਵਿੱਚ ਆਉਣ ਵਾਲੀ ਕਿਸੇ ਵੀ ਯੂਕੇ ਸਰਕਾਰ ਕੋਲ ਭਾਰਤ ਦੇ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਚਿੰਤਾਜਨਕ ਤਬਦੀਲੀ ਦਾ ਪਰਦਾ ਫਾਸ਼ ਕਰਨ ਲਈ ਤਾਕਤ ਅਤੇ ਹਿੰਮਤ ਹੋਣੀ ਚਾਹੀਦੀ ਹੈ। ਭਾਰਤ ਸਰਕਾਰ ਦੀ ਕੱਟੜ ਦੱਖਣਪੰਥੀ ਹਿੰਦੂਤਵੀ ਵਿਚਾਰਧਾਰਾ ਅਤੇ ਦੇਸ਼ ਭਰ ਵਿੱਚ ਧਾਰਮਿਕ ਘੱਟ ਗਿਣਤੀਆਂ, ਔਰਤਾਂ ਅਤੇ ਦਲਿਤਾਂ ਵਿਰੁੱਧ ਵਧਦੀ ਹਿੰਸਾ ਅਤੇ ਵਿਤਕਰੇ ਦੇ ਨਾਲ ਹਿੰਦੂ ਰਾਸ਼ਟਰ ਵੱਲ ਵਧਣਾ ਚਿੰਤਾਜਨਕ ਪੱਧਰ ਤੇ ਹੈ। ਭਾਰਤ ਸਰਕਾਰ ਵੱਲੋਂ ਧਾਰਮਿਕ ਘੱਟ ਗਿਣਤੀਆਂ, ਔਰਤਾਂ ਅਤੇ ਦਲਿਤਾਂ ਤੇ ਜ਼ੁਲਮ ਕਰਨ ਵਾਲੇ ਦੋਸ਼ੀਆਂ ਵਿਰੁੱਧ ਕਮਜ਼ੋਰ ਜਾਂ ਗੈਰ-ਮੌਜੂਦ ਪ੍ਰਤੀਕਿਰਿਆ ਨੇ ਪ੍ਰਸ਼ਾਸਨ ਅਤੇ ਸਰਕਾਰ ਦੀ ਮਿਲੀਭੁਗਤ ਦੇ ਸਬੂਤ ਦਾ ਮਾਹੌਲ ਪੈਦਾ ਕੀਤਾ ਹੈ।

ਭਾਰਤ ਲੋਕਤੰਤਰ ਅਤੇ ਸੁਤੰਤਰਤਾ ਦੇ ਹਰ ਮਾਪਦੰਡ ਤੋਂ ਬੁਰੀ ਤਰਾਂ ਫਿਸਲ ਗਿਆ ਹੈ। ਦੁਨੀਆ ਭਰ ਦੀਆਂ ਸਰਕਾਰਾਂ ਭਾਰਤ ਦੁਆਰਾ ਡਾਇਸਪੋਰਾ ਵਿੱਚ ਸਿੱਖ ਕਾਰਕੁੰਨਾਂ ਦੇ ਅੰਤਰ-ਰਾਸ਼ਟਰੀ ਦਮਨ ਚੱਕਰ ਦੀਆਂ ਤਾਜ਼ਾ ਮਿਸਾਲਾਂ ਨੂੰ ਲੈ ਕੇ ਭਾਰਤ ਦੀ ਜਮਹੂਰੀ ਸਾਖ ਨੂੰ ਲੈ ਕੇ ਚਿੰਤਤ ਹੋ ਰਹੀਆਂ ਹਨ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਪ੍ਰਮੁੱਖ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਕਿਹਾ "ਇਹ ਮਤੇ ਆਮ ਚੋਣਾਂ ਦੇ ਸਾਲ ਵਿੱਚ ਯੂਕੇ ਦੇ ਸਾਰੇ ਸਿਆਸਤਦਾਨਾਂ ਲਈ ਇੱਕ ਸੰਕੇਤ ਹਨ ਜੋ ਗੁਰਦੁਆਰਿਆਂ ਵਿੱਚ ਇਹ ਗੱਲ ਕਹਿਣ ਦੀ ਉਮੀਦ ਵਿੱਚ ਆਉਂਦੇ ਹਨ ਤਾਂ ਉਹਨਾਂ ਨੂੰ ਭਾਰਤ ਸਰਕਾਰ ਦੁਆਰਾ ਸਿੱਖਾਂ ਤੇ ਅੰਤਰ-ਰਾਸ਼ਟਰੀ ਜਬਰ ਨੂੰ ਲੈ ਕੇ ਮੌਕੇ ਤੇ ਸਵਾਲ ਕੀਤਾ ਜਾਵੇਗਾ । ਲੇਬਰ ਪਾਰਟੀ ਅਤੇ ਇਸਦੇ ਨੇਤਾਵਾਂ ਨੇ ਸਿੱਖ ਭਾਈਚਾਰੇ ਨਾਲ ਵਾਅਦੇ ਕੀਤੇ ਹਨ ਅਤੇ ਬਹੁਤ ਉਮੀਦਾਂ ਹਨ ਕਿ ਆਉਣ ਵਾਲੀ ਲੇਬਰ ਸਰਕਾਰ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਪ੍ਰਤੀ ਸਕਾਰਾਤਮਕ ਪਹੁੰਚ ਅਪਣਾਏਗੀ।" ਸਾਡੇ ਕੋਲ ਭਾਰਤ ਪ੍ਰਤੀ ਬਿਲਕੁਲ ਵੱਖਰੀ ਪਹੁੰਚ ਹੋਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਵਜੋਂ ਰਿਸ਼ੀ ਸੁਨਕ ਅਤੇ ਗ੍ਰਹਿ ਸਕੱਤਰ ਵਜੋਂ ਪ੍ਰੀਤੀ ਪਟੇਲ ਵਰਗੀਆਂ ਨੇ ਬਿਨਾਂ ਕਿਸੇ ਚੁਣੌਤੀ ਦੇ ਭਾਰਤ ਨੂੰ ਖੁਸ਼ ਕਰਨ ਲਈ ਬ੍ਰਿਟਿਸ਼ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਆਪਣੇ ਅਹੁਦਿਆਂ ਦੀ ਵਰਤੋਂ ਕੀਤੀ ਹੈ।

# ਮੋਦੀ ਦੇ 10 ਵਰ੍ਹੇ

ਅੰਗਰੇਜ਼ੀ ਅਖਬਾਰ 'ਦੀ ਇੰਡੀਅਨ ਐੱਕਸਪ੍ਰੈੱਸ' ਵਿਚ ਆਰਥਕ ਮਾਮਲਿਆਂ ਦਾ ਵਿਸ਼ਲੇਸ਼ਣ ਕਰਨ ਵਾਲੇ ਆਰਥਕ ਮਾਹਰ ਉਦਿਤ ਮਿਸ਼ਰਾ ਨੇ 2014-15 ਤੋਂ ਦਸੰਬਰ 2023 ਤੱਕ ਦੇ ਅੰਕੜਿਆਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਮੋਦੀ ਕਾਲ ਵਿਚ ਲੋਕਾਂ ਦੀ ਆਰਥਕ ਹਾਲਤ ਕੀ ਰਹੀ ਹੈ। ਉਨ੍ਹਾ ਮੁਤਾਬਕ 2014-15 ਵਿਚ ਜਿਹੜੀ ਚੀਜ਼ ਦਾ ਭਾਅ 100 ਰੁਪਏ ਸੀ, ਉਸ ਨੂੰ ਖਰੀਦਣ ਲਈ ਗਾਹਕ ਨੂੰ ਦਸੰਬਰ 2023 ਵਿਚ 164 ਰੁਪਏ ਚੁਕਾਉਣੇ ਪਏ। ਮਿਸਾਲ ਵਜੋਂ ਜਿਸ ਵਿਅਕਤੀ ਦੀ 2014 ਵਿਚ ਤਨਖਾਹ 10 ਹਜ਼ਾਰ ਰੁਪਏ ਸੀ ਅਤੇ ਉਸ ਨਾਲ ਉਹ ਜਿੰਨੀਆਂ ਚੀਜ਼ਾਂ ਖਰੀਦ ਸਕਦਾ ਸੀ, ਓਨੀਆਂ ਚੀਜ਼ਾਂ ਲਈ ਉਸ ਨੂੰ 2023 ਵਿਚ 16 ਹਜ਼ਾਰ 400 ਰੁਪਏ ਖਰਚਣੇ ਪਏ। ਜੇ ਉਸ ਦੀ ਆਮਦਨ 10 ਸਾਲਾਂ ਵਿਚ ਸਿਰਫ 50 ਫੀਸਦੀ ਵਧੀ ਹੈ ਤਾਂ ਉਸ ਨੂੰ ਅੱਜ 15 ਹਜ਼ਾਰ ਰੁਪਏ ਮਹੀਨਾ ਮਿਲ ਰਹੇ ਹੋਣਗੇ। ਸਾਫ ਹੈ ਕਿ ਉਸ ਨੂੰ ਆਪਣੀਆਂ ਲੋੜਾਂ ਵਿਚ ਕੁਝ ਚੀਜ਼ਾਂ ਦੀ ਕਟੌਤੀ ਕਰਨੀ ਪੈ ਰਹੀ ਹੋਵੇਗੀ। ਜੇ ਤਨਖਾਹ 20 ਹਜ਼ਾਰ ਰੁਪਏ ਹੋ ਚੁੱਕੀ ਹੈ ਤਾਂ ਉਹ ਤੇ ਉਸ ਦਾ ਪਰਵਾਰ ਨੋਟ-ਪਸਾਰੇ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ, ਯਾਨੀ ਕਿ ਉਹ ਕੁਝ ਹੋਰ ਚੀਜ਼ਾਂ ਲੈ ਸਕਦਾ ਜਾਂ ਬੱਚਤ ਵੀ ਕਰ ਰਿਹਾ ਹੋਵੇਗਾ। ਮਾਹਰ ਨੇ 2018-19 ਨਾਲ ਵੀ ਤੁਲਨਾ ਕਰਕੇ ਹਿਸਾਬ ਕੱਢਿਆ ਹੈ ਕਿ ਨੋਟ-ਪਸਾਰੇ ਵਿਚ 32 ਫੀਸਦੀ ਦਾ ਵਾਧਾ ਹੋਇਆ ਹੈ। ਇਸ ਨਾਲ ਪਿਛਲੇ ਪੰਜ ਸਾਲਾਂ ਵਿਚ ਆਮਦਨ ਤੇ ਮਹਿੰਗਾਈ ਦਾ ਤੁਲਨਾਤਮਕ ਅਧਿਐਨ ਕਰਕੇ ਅਸਲ ਸਥਿਤੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅਸਲ ਸਥਿਤੀ ਇਹ ਹੈ ਕਿ ਆਮ ਲੋਕਾਂ ਦੇ ਜੀਵਨ ਪੱਧਰ ਵਿਚ ਲਗਾਤਾਰ ਕਮੀ ਦੇਖਣ ਨੂੰ ਮਿਲ ਰਹੀ ਹੈ। ਦੁੱਧ, ਫਲ ਤੇ ਵਿਟਾਮਿਨ, ਪ੍ਰੋਟੀਨ ਵਾਲੇ ਭੋਜਨ ਵਿਚ ਕਮੀ ਆਈ ਹੈ। ਕੌਮਾਂਤਰੀ ਏਜੰਸੀਆਂ ਭਾਰਤੀਆਂ ਦੀ ਸਿਹਤ ਤੇ ਬੱਚਿਆਂ ਵਿਚ ਕੁਪੋਸ਼ਣ ਦੀ ਵਧਦੀ ਮਾਤਰਾ ਦੇ ਅੰਕੜੇ ਪ੍ਰਕਾਸ਼ਤ ਕਰਦੀਆਂ ਹਨ, ਜਿਨ੍ਹਾਂ ਨੂੰ ਮੋਦੀ ਸਰਕਾਰ ਲਗਾਤਾਰ ਰੱਦ ਕਰਦੀ ਆ ਰਹੀ ਹੈ। ਗਰੀਬ ਲੋਕਾਂ ਦੀ ਹਾਲਤ ਦਾ ਅੰਦਾਜ਼ਾ ਇਸ ਤੋਂ ਵੀ ਲਾਇਆ ਜਾ ਸਕਦਾ ਹੈ ਕਿ 2014-15 ਦੌਰਾਨ ਘੱਟੋ-ਘੱਟ ਦਿਹਾੜੀ 137 ਰੁਪਏ ਸੀ, ਜਿਹੜੀ 2015-16 ਵਿਚ 160 ਰੁਪਏ ਹੋ ਗਈ ਸੀ। 2017-18 ਵਿਚ 176 ਤੇ 2019-20 ਵਿਚ 178 ਰੁਪਏ ਹੋਈ। ਉਸ ਤੋਂ ਬਾਅਦ ਦੇ ਪੰਜ ਸਾਲਾਂ ਵਿਚ 178 ਰੁਪਏ ਤੋਂ ਅੱਗੇ ਨਹੀਂ ਵਧੀ। ਇਨ੍ਹਾਂ ਪੰਜ ਸਾਲਾਂ ਵਿਚ ਨੋਟ-ਪਸਾਰਾ ਏਨਾ ਹੋਇਆ ਕਿ ਮਹਿੰਗਾਈ ਦੀ ਦਰ ਵਿਚ 32 ਫੀਸਦੀ ਦਾ ਵਾਧਾ ਹੋਇਆ ਹੈ, ਜਦਕਿ ਦਿਹਾੜੀ ਸਿਰਫ ਦੋ ਰੁਪਏ ਹੀ ਵਧੀ ਹੈ। ਇਕ ਮਜ਼ਦੂਰ ਦੀ ਦਿਹਾੜੀ 2023 ਵਿਚ 2018 ਦੇ ਮੁਕਾਬਲੇ ਘੱਟੋ-ਘੱਟ 232 ਰੁਪਏ ਹੋਣੀ ਚਾਹੀਦੀ ਸੀ, ਪਰ ਉਹ ਅੱਜ ਵੀ ਪੰਜ ਸਾਲ ਪਹਿਲਾਂ ਵਾਲੀ ਦਿਹਾੜੀ ਨਾਲ ਹੀ ਜ਼ਿੰਦਗੀ ਜੀ ਰਿਹਾ ਹੈ। ਸਿਤਮਜ਼ਰੀਫੀ ਇਹ ਵੀ ਹੈ ਕਿ ਨਾਗਾਲੈਂਡ, ਤਾਮਿਲਨਾਡੂ, ਪੱਛਮੀ ਬੰਗਾਲ, ਤ੍ਰਿਪੁਰਾ ਤੇ ਹਿਮਾਚਲ ਵਿਚ ਘੱਟੋ-ਘੱਟ ਦਿਹਾੜੀ 115, 132, 166, 170 ਤੇ 171 ਚੱਲ ਰਹੀ ਹੈ, ਜਿਹੜੀ ਕਿ ਕੌਮੀ ਔਸਤ ਤੋਂ ਘੱਟ ਹੈ। ਨੀਤੀ ਘਾੜਿਆਂ ਤੇ ਨੌਕਰਸ਼ਾਹੀ ਨੂੰ ਸਭ ਪਤਾ ਹੈ ਕਿ ਦੇਸ਼ ਦੀ ਬਹੁਗਿਣਤੀ ਆਬਾਦੀ ਦੀ ਹਾਲਤ ਕੀ ਹੈ, ਪਰ ਉਹ ਇਹ ਗੱਲ ਵੀ ਬਾਖੂਬੀ ਜਾਣਦੇ ਹਨ ਕਿ ਕਿਵੇਂ ਇਕ ਵੱਡੀ ਆਬਾਦੀ ਨੂੰ ਆਸਾਨੀ ਨਾਲ ਧਰਮ ਤੇ ਜਾਤ ਦੀ ਪਿਛੜੀ ਸੋਚ ਕਾਰਨ ਆਸਾਨੀ ਨਾਲ ਵਰਗਲਾਇਆ ਜਾ ਸਕਦਾ ਹੈ।

ਨਵਾਂ ਜ਼ਮਾਨਾ


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਚਾਬੀਆਂ ਦੇ ਮੋਰਚੇ ਦਾ ਇਤਿਹਾਸਕ ਦਿਹਾੜਾ ਮਨਾਇਆ ਜਾਵੇਗਾ ਅਤੇ 3 ਪਰਿਵਾਰਾਂ ਵੱਲੋਂ ਕੀਰਤਨ ਦੀ ਸੇਵਾ ਹੋਵੇਗੀ:

1. ਨਗਰ ਜੌਹਲਾਂ ਦੀ ਸੰਗਤ ਵੱਲੋਂ
2. ਭਾਈ ਹਰਪ੍ਰੀਤ ਸਿੰਘ ਪਰਿਵਾਰ ਵੱਲੋਂ
3. ਜਸਵਿੰਦਰ ਸਿੰਘ ਭੁੱਲਰ ਪਰਿਵਾਰ ਵੱਲੋਂ ਕੀਰਤਨ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*19 ਜਨਵਰੀ ਦਿਨ ਸ਼ੁੱਕਰਵਾਰ ਬੱਚੀ ਰਣਜੀਤ ਕੌਰ ਅਤੇ ਕਾਕਾ ਸਮਸ਼ੇਰ ਸਿੰਘ ਦਾ ਆਨੰਦ ਕਾਰਜ ਹੋਵੇਗਾ।

*20 ਜਨਵਰੀ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਜਸਪ੍ਰੀਤ ਸਿੰਘ ਗਿੱਲ ਪਰਿਵਾਰ ਵੱਲੋਂ ਹੋਵੇਗੀ।

*20 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਇੰਦਰਜੀਤ ਸਿੰਘ ਪਰਿਵਾਰ ਵੱਲੋਂ 2. ਭਾਈ ਹਰਪ੍ਰੀਤ ਸਿੰਘ ਪਰਿਵਾਰ ਵੱਲੋਂ

*21 ਜਨਵਰੀ ਦਿਨ ਐਤਵਾਰ ਅੰਤਮ ਸਸਕਾਰ ਬੀਬੀ ਗਿਆਨ ਕੌਰ ਮਾਨ ਦਾ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਸ਼ਾਮ 3 ਵਜੇ ਹੋਵੇਗਾ, ਉਪਰੰਤ ਗੁਰੂਘਰ ਵਿਖੇ ਸ਼ਾਮ 4.30 ਵਜੇ ਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*21 ਜਨਵਰੀ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਮਨਜੀਤ ਕੌਰ ਪਰਿਵਾਰ ਵੱਲੋਂ ਆਪਣੇ ਬੇਟੇ ਦੇ 18ਵੇਂ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ ਢਾਡੀ ਜਥਾ:ਭਾਈ ਸੁਰਿੰਦਰ ਸਿੰਘ ਛਾਂਪਾ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਸਿੱਖ ਹੋਣ ਲਈ ਨਾਂ ਪਿੱਛੇ 'ਸਿੰਘ' ਜਾਂ 'ਕੌਰ' ਹੋਣਾ ਲਾਜ਼ਮੀ ਨਹੀਂ:ਜੰਮੂ-ਕਸ਼ਮੀਰ ਹਾਈ ਕੋਰਟ

ਜੰਮੂ-ਕਸ਼ਮੀਰ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਸਿੱਖ ਵਿਅਕਤੀ ਵਜੋਂ ਪਛਾਣ ਕਰਨ ਲਈ ਕਿਸੇ ਵਿਅਕਤੀ ਦੇ ਨਾਂ ਪਿੱਛੇ 'ਸਿੰਘ' ਜਾਂ 'ਕੌਰ' ਉਪਨਾਮ ਵਜੋਂ ਹੋਣਾ ਲਾਜ਼ਮੀ ਨਹੀਂ ਹੈ। ਬੈਂਚ ਅਖਨੂਰ 'ਚ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਜੀ.ਪੀ.ਸੀ.) ਦੀਆਂ ਚੋਣਾਂ ਨੂੰ ਇਸ ਆਧਾਰ 'ਤੇ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਫੈਸਲਾ ਕਰ ਰਹੀ ਸੀ ਕਿ ਵੋਟਰ ਸੂਚੀ 'ਚ ਕੁੱਝ ਗੈਰ-ਸਿੱਖ ਵੋਟਰ ਸ਼ਾਮਲ ਕੀਤੇ ਗਏ ਹਨ। ਪਟੀਸ਼ਨਕਰਤਾ ਦੀ ਦਲੀਲ ਦਾ ਆਧਾਰ ਇਹ ਸੀ ਕਿ ਅਜਿਹੇ ਵੋਟਰਾਂ ਦਾ ਉਪਨਾਮ 'ਸਿੰਘ' ਜਾਂ 'ਕੌਰ' ਨਹੀਂ ਹੈ।

ਕਾਨੂੰਨੀ ਅਪੀਲ ਅਥਾਰਟੀ ਵਲੋਂ ਉਸ ਦੀ ਪਟੀਸ਼ਨ ਰੱਦ ਕੀਤੇ ਜਾਣ ਤੋਂ ਬਾਅਦ ਪਟੀਸ਼ਨਕਰਤਾ ਨੇ ਹਾਈ ਕੋਰਟ ਦਾ ਦਰਵਾਜ਼ਾ ਖਟਖਟਾਇਆ ਸੀ। ਜਸਟਿਸ ਵਸੀਮ ਸਾਦਿਕ ਨਰਗਲ ਨੇ ਜੰਮੂ-ਕਸ਼ਮੀਰ ਸਿੱਖ ਗੁਰਵਲੋਂ ਅਤੇ ਧਾਰਮਕ ਅਦਾਇਗੀ ਐਕਟ, 1973 ਦਾ ਹਵਾਲਾ ਦਿਤਾ ਅਤੇ ਕਿਹਾ, ''ਪਟੀਸ਼ਨਕਰਤਾ ਦੀ ਦਲੀਲ ਕਿ 1973 ਦੇ ਐਕਟ ਵਿਚ ਨਿਰਧਾਰਤ ਪਰਿਭਾਸ਼ਾ ਦੇ ਉਲਟ ਹੈ, ਜੋ ਮਨਜ਼ੂਰ ਨਹੀਂ ਹੈ ਅਤੇ ਕਾਨੂੰਨ ਦੀ ਨਜ਼ਰ ਵਿਚ ਟਿਕਾਊ ਨਹੀਂ ਹੋ ਸਕਦੀ। ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦੇ ਉਪਨਾਮ 'ਚ ''ਸਿੱਖ ਜਾਂ ਕੌਰ'' ਨਹੀਂ ਹੈ ਪਰ ਫਿਰ ਵੀ ਉਹ ਸਿੱਖ ਵਜੋਂ ਪਛਾਣਦੇ ਹਨ ਕਿਉਂਕਿ ਉਨ੍ਹਾਂ ਨੇ ਸਿੱਖ ਧਰਮ ਨੂੰ ਮਨ 'ਚ ਵਸਾਇਆ ਹੋਇਆ ਹੈ।''

ਪਟੀਸ਼ਨਕਰਤਾ, ਜਿਸ ਨੇ ਅਖਨੂਰ 'ਚ ਡੀ.ਜੀ.ਪੀ.ਸੀ. ਦੀ ਚੋਣ ਲੜੀ ਸੀ ਅਤੇ ਹਾਰ ਗਿਆ ਸੀ, ਨੇ ਵੱਖ-ਵੱਖ ਆਧਾਰਾਂ 'ਤੇ ਨਤੀਜਿਆਂ ਨੂੰ ਚੁਣੌਤੀ ਦਿਤੀ ਸੀ। ਮੁੱਖ ਦਲੀਲ ਇਹ ਹੈ ਕਿ ਵੋਟਰ ਸੂਚੀ 'ਚ ਗੈਰ-ਸਿੱਖਾਂ ਦੇ ਨਾਮ ਹਨ ਜਿਨ੍ਹਾਂ ਦੀ ਪਛਾਣ ਉਨ੍ਹਾਂ ਦੇ ਉਪਨਾਮਾਂ 'ਚ 'ਸਿੰਘ' ਜਾਂ 'ਕੌਰ' ਦੀ ਗੈਰਹਾਜ਼ਰੀ ਕਾਰਨ ਕੀਤੀ ਗਈ ਸੀ। ਉਨ੍ਹਾਂ ਦਲੀਲ ਦਿਤੀ ਕਿ ਇਹ ਜੰਮੂ-ਕਸ਼ਮੀਰ ਸਿੱਖ ਗੁਰਦੁਆਰਾ ਅਤੇ ਧਾਰਮਕ ਬੰਦੋਬਸਤੀ ਨਿਯਮ, 1975 ਦੀ ਉਲੰਘਣਾ ਹੈ, ਜੋ ਸਿੱਖ ਨੂੰ ਉਸ ਵਿਅਕਤੀ ਵਜੋਂ ਪਰਿਭਾਸ਼ਿਤ ਕਰਦਾ ਹੈ ਜੋ ਦਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਅਤੇ ਕੇਸ਼ (ਲੰਮੇ ਵਾਲ) ਰੱਖਦਾ ਹੈ।

ਪਟੀਸ਼ਨਕਰਤਾ ਨੇ ਅੱਗੇ ਦਲੀਲ ਦਿਤੀ ਕਿ ਵੋਟਰ ਸੂਚੀਆਂ 'ਚ ਗੈਰ-ਸਿੱਖਾਂ ਨੂੰ ਸ਼ਾਮਲ ਕਰਨ ਨਾਲ ਸਮੁੱਚੀ ਚੋਣ ਪ੍ਰਕਿਰਿਆ ਖਰਾਬ ਹੋ ਗਈ ਹੈ ਅਤੇ ਨਕਲੀ ਐਂਟਰੀਆਂ ਅਤੇ ਮ੍ਰਿਤਕ ਵੋਟਰਾਂ ਵਲੋਂ ਕਥਿਤ ਤੌਰ 'ਤੇ ਵੋਟਾਂ ਪਾਉਣ ਬਾਰੇ ਵੀ ਚਿੰਤਾ ਜ਼ਾਹਰ ਕੀਤੀ ਗਈ ਹੈ। ਉਠਾਈਆਂ ਗਈਆਂ ਦਲੀਲਾਂ 'ਤੇ ਵਿਚਾਰ ਕਰਨ ਤੋਂ ਬਾਅਦ ਬੈਂਚ ਨੇ ਲਾਗੂ ਨਿਯਮਾਂ ਦੀ ਜਾਂਚ ਕੀਤੀ ਅਤੇ ਪਾਇਆ ਕਿ ਅਪੀਲ ਅਥਾਰਟੀ ਨੇ ਪਟੀਸ਼ਨਕਰਤਾ ਦੀਆਂ ਦਲੀਲਾਂ ਨੂੰ 1973 ਦੇ ਐਕਟ ਦੀ ਧਾਰਾ 2 (ਈ) ਅਤੇ 2 (ਐਫ) 'ਚ ਨਿਰਧਾਰਤ ਪਰਿਭਾਸ਼ਾਵਾਂ ਦੇ ਉਲਟ ਕਰਾਰ ਦਿਤਾ।

ਇਸ ਦਲੀਲ ਨੂੰ ਖਾਰਜ ਕਰਦਿਆਂ ਕਿ ਸਿੱਖ ਧਰਮ ਲਈ 'ਸਿੰਘ ਅਤੇ ਕੌਰ' ਉਪਨਾਮ ਵਜੋਂ ਹੋਣਾ ਲਾਜ਼ਮੀ ਹੋਣਾ ਚਾਹੀਦਾ ਹੈ, ਬੈਂਚ ਨੇ ਕਿਹਾ ਕਿ ਅਜਿਹੀ ਦਲੀਲ ਕਾਨੂੰਨੀ ਪਰਿਭਾਸ਼ਾਵਾਂ ਦੇ ਅਨੁਕੂਲ ਨਹੀਂ ਹੈ। ਜਸਟਿਸ ਨਰਗਲ ਨੇ ਲਿਖਿਆ, ''ਅਪੀਲ ਅਥਾਰਟੀ ਵਲੋਂ ਕੇਸ ਦੇ ਇਸ ਪਹਿਲੂ 'ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਇਹ ਅਦਾਲਤ ਅਪੀਲ ਅਥਾਰਟੀ ਵਲੋਂ ਦਰਜ ਕੀਤੇ ਗਏ ਨਤੀਜਿਆਂ ਨਾਲ ਸਹਿਮਤ ਹੈ ਅਤੇ ਇਸ ਨੂੰ ਕੋਈ ਕਾਨੂੰਨੀ ਨੁਕਸ ਨਹੀਂ ਮਿਲਿਆ ਹੈ।'' ਅਦਾਲਤ ਨੇ ਅੱਗੇ ਨੋਟ ਕੀਤਾ ਕਿ ਪਟੀਸ਼ਨਕਰਤਾ ਨੇ ਇਤਰਾਜ਼ ਹਾਰਨ ਤੋਂ ਬਾਅਦ ਹੀ ਚੁਕਿਆ ਅਤੇ ਚੋਣਾਂ ਤੋਂ ਪਹਿਲਾਂ ਕੁੱਝ ਨਹੀਂ ਕਿਹਾ। ਅਦਾਲਤ ਨੇ ਅਪੀਲ ਅਥਾਰਟੀ ਦੇ ਹੁਕਮ ਨੂੰ ਬਰਕਰਾਰ ਰੱਖਿਆ ਜਿਸ 'ਚ ਅਪੀਲ ਨੂੰ ਬੇਬੁਨਿਆਦ ਅਤੇ ਬੇਬੁਨਿਆਦ ਕਰਾਰ ਦਿਤਾ ਗਿਆ ਸੀ।





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333


# ਪੂਤਿਨ ਤੇ ਮੋਦੀ ਨਿੱਜੀ ਰਾਬਤਾ ਬਣਾਈ ਰੱਖਣ ਲਈ ਸਹਿਮਤ



ਮਾਸਕੋ :ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਵਿੱਖ ਵਿੱਚ ਇਕ ਦੂਜੇ ਨਾਲ ਨਿੱਜੀ ਰਾਬਤਾ ਬਣਾ ਕੇ ਰੱਖਣ ਦੀ ਸਹਿਮਤੀ ਦਿੱਤੀ ਹੈ। ਕਰੈਮਲਿਨ ਨੇ ਕਿਹਾ ਕਿ ਦੋਵਾਂ ਆਗੂਆਂ ਨੇ ਇਕ ਦੂਜੇ ਨੂੰ ਆਪੋ ਆਪਣੇ ਮੁਲਕ ਵਿੱਚ ਅਗਾਮੀ ਰਾਸ਼ਟਰਪਤੀ ਤੇ ਸੰਸਦੀ ਚੋਣਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਪੂਤਿਨ ਤੇ ਮੋਦੀ ਨੇ ਇਕ ਦੂਜੇ ਨਾਲ ਟੈਲੀਫੋਨ 'ਤੇ ਗੱਲ ਅਜਿਹੇ ਮੌਕੇ ਕੀਤੀ ਹੈ ਜਦੋਂ ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਪਿਛਲੇ ਦਿਨਾਂ ਵਿੱਚ ਰੂਸ ਦਾ ਦੌਰਾ ਕੀਤਾ ਸੀ। ਜੈਸ਼ੰਕਰ ਦੀ ਫੇਰੀ ਦੌਰਾਨ ਦੋਵਾਂ ਮੁਲਕਾਂ ਨੇ ਆਧੁਨਿਕ ਹਥਿਆਰਾਂ ਦੇ ਉਤਪਾਦਨ ਸਣੇ ਫੌਜੀ ਤੇ ਤਕਨੀਕੀ ਸਹਿਯੋਗ ਵਧਾਉਣ ਦਾ ਫੈਸਲਾ ਕੀਤਾ ਸੀ।


ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਸਿਹਤ ਸੰਬੰਧੀ



# ਗੁੱਸਾ ਅਤੇ ਹੋਮਿਓਪੈਥੀ

ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ – ਇਹ ਪੰਜ ਮਨੁੱਖੀ ਕਮਜ਼ੋਰੀਆਂ ਹਨ। ਜਦੋਂ ਕੋਈ ਵੀ ਵਿਅਕਤੀ ਗੁੱਸੇ ਦੀ ਸਥਿਤੀ ਵਿੱਚ ਹੁੰਦਾ ਹੈ ਤਾਂ ਉਹ ਆਪਣਾ ਸਵੈ-ਕਾਬੂ ਉਸ ਵਿਅਕਤੀ ਦੇ ਹਵਾਲੇ ਕਰ ਦਿੰਦਾ ਹੈ ਜਿਸ ਉੱਪਰ ਉਸ ਨੂੰ ਗੁੱਸਾ ਆ ਰਿਹਾ ਹੁੰਦਾ ਹੈ। ਮਨੁੱਖ ਸੁਭਾਅ ਪੱਖੋਂ ਗੁੱਸੈਲਾ, ਝਗੜਾਲੂ ਅਤੇ ਵਿਨਾਸ਼ਕਾਰੀ ਪ੍ਰਾਣੀ ਹੈ।ਉਸ ਦੀ ਇਹ ਪ੍ਰਵਿਰਤੀ ਆਮ ਤੌਰ 'ਤੇ ਲੜਾਈ ਝਗੜੇ ਜਾਂ ਵਧੀਕੀ ਕਰਨ ਦੀ ਆਦਤ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਜਿਨ੍ਹਾਂ ਸਥਿਤੀਆਂ ਵਿੱਚ ਗੁੱਸਾ ਆਉਂਦਾ ਹੈ, ਗੁੱਸੈਲਾ ਵਿਅਕਤੀ ਆਪਣੇ ਬਚਾਅ ਅਤੇ ਰੱਖਿਆ ਵਾਸਤੇ ਇਸ ਕੌੜੀ ਭਾਵਨਾ ਨੂੰ ਹਥਿਆਰ ਵਜੋਂ ਵਰਤਦਾ ਹੈ। ਜਿਸ ਤਰ੍ਹਾਂ ਰਿਸ਼ਤੇ-ਨਾਤੇ ਗੁੱਸੇ ਕਾਰਨ ਟੁੱਟਣ ਕਿਨਾਰੇ ਆ ਜਾਂਦੇ ਹਨ, ਉੱਥੇ ਹੀ ਨਫ਼ਰਤ ਆਪਸੀ ਪਿਆਰ ਅਤੇ ਲਗਾਵ ਦੀ ਥਾਂ ਲੈ ਲੈਂਦੀ ਹੈ। ਗੁੱਸੇ ਵਿੱਚ ਆਏ ਵਿਅਕਤੀ ਦੇ ਖ਼ੂਨ ਦਾ ਦੌਰਾ ਤੇਜ਼ ਹੋਣ ਨਾਲ ਉਹ ਆਪਣੇ ਸਰੀਰ ਅੰਦਰ ਅਸਥਾਈ ਤੌਰ 'ਤੇ ਵਧੀ ਹੋਈ ਊਰਜਾ ਅਤੇ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਉਸ ਦੇ ਜਿਸਮ, ਲੱਤਾਂ ਬਾਹਾਂ ਵਿੱਚ ਬਹੁਤ ਤਾਕਤ ਦਾ ਅਹਿਸਾਸ ਹੁੰਦਾ ਹੈ ਅਤੇ ਕਈ ਵਿਅਕਤੀਆਂ ਵਿੱਚ ਗੁੱਸੇ ਕਾਰਣ ਕੰਬਣੀ ਵੀ ਛਿੜ ਜਾਂਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਆਮ ਤੌਰ 'ਤੇ ਜਦੋਂ ਗੁੱਸੇ ਨੂੰ ਦਬਾਅ ਕੇ ਰੱਖਿਆ ਜਾਂਦਾ ਹੈ ਅਤੇ ਉਸ ਦਾ ਪ੍ਰਗਟਾਵਾ ਕਰਨ ਦੀ ਥਾਂ ਵਿਅਕਤੀ ਅੰਦਰੋ-ਅੰਦਰ ਸੜਦਾ ਰਹਿੰਦਾ ਹੈ ਤਾਂ ਉਸ ਦਾ ਸਰੀਰ ਇਸ ਬਲਦੀ ਅੱਗ ਨੂੰ ਸਹਾਰ ਨਹੀਂ ਸਕਦਾ। ਇਸ ਸਥਿਤੀ ਵਿੱਚ ਬਾਹਰੀ ਤੌਰ 'ਤੇ ਆਪਣਾ ਸੰਤੁਲਨ ਗਵਾਉਣ ਦੇ ਨਾਲ-ਨਾਲ ਵਿਅਕਤੀ ਅੰਦਰੂਨੀ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਸਕਦਾ ਹੈ, ਜਿਵੇਂ ਕਿ ਢਿੱਡ ਵਿੱਚ ਐਸਿਡ ਬਣਨਾ ਜਿਸ ਕਾਰਣ ਨਰਮ ਝਿੱਲੀਆਂ ਸੜ ਸਕਦੀਆਂ ਹਨ ਅਤੇ ਢਿੱਡ ਵਿੱਚ ਅਲਸਰ ਬਣ ਸਕਦੇ ਹਨ। ਜਿਸ ਵਿਅਕਤੀ ਨੂੰ ਛੇਤੀ-ਛੇਤੀ ਗੁੱਸਾ ਆਉਂਦਾ ਹੈ ਉਹ ਛੇਤੀ ਢਹਿੰਦੀ ਕਲਾ ਅਤੇ ਘਬਰਾਹਟ ਦਾ ਸ਼ਿਕਾਰ ਹੋ ਜਾਂਦਾ ਹੈ। ਗੁੱਸਾ ਦਬਾਉਣ ਦੀ ਕੋਸ਼ਿਸ਼ ਵਿੱਚ ਕਈ ਵਾਰੀ ਸਰੀਰਕ ਨੁਕਸਾਨ ਵੀ ਹੋ ਸਕਦਾ ਹੈ ਜਿਵੇਂ ਵਧੇ ਹੋਏ ਬਲੱਡ ਪ੍ਰੈਸ਼ਰ ਕਾਰਣ ਦਿਲ ਦੇ ਰੋਗ, ਦਿਮਾਗ ਦੀ ਨਸ ਫਟਣੀ, ਬਹੁਤ ਜ਼ਿਆਦਾ ਸਿਰਦਰਦ ਹੋਣਾ ਜਾਂ ਪੁਰਾਣਾ ਮਾਈਗ੍ਰੇਨ ਉੱਭਰ ਕੇ ਸਮੱਸਿਆ ਬਣ ਜਾਣਾ। ਬੇਇਨਸਾਫ਼ੀ ਦੀਆਂ ਸਥਿਤੀਆਂ, ਬੇਵਜ੍ਹਾ ਦੂਸ਼ਣਬਾਜ਼ੀ ਦਾ ਸਾਹਮਣਾ ਕਰਨਾ ਜਾਂ ਸੱਚੇ ਵਿਅਕਤੀ ਨੂੰ ਝੂਠਾ ਕਰਾਰ ਦੇਣਾ ਗੁੱਸੇ ਅਤੇ ਨਫ਼ਰਤ ਨੂੰ ਜਨਮ ਦਿੰਦਾ ਹੈ।

ਮਨੁੱਖੀ ਸਰੀਰ ਦੇ ਦੋਵੇਂ ਗੁਰਦਿਆਂ ਦੇ ਅੱਗੇ "ਐਡ੍ਰਿਨਲ ਗਲੈਂਡ" ਨਾਂ ਦੀਆਂ ਗ੍ਰੰਥੀਆਂ ਹੁੰਦੀਆਂ ਹਨ। ਸੰਕਟਕਾਲ ਦੌਰਾਨ ਇਨ੍ਹਾਂ ਗ੍ਰੰਥੀਆਂ ਵਿੱਚੋਂ "ਐਡ੍ਰਿਨਲਿਨ" ਨਾਂ ਦਾ ਹਾਰਮੋਨ ਰਿਸਦਾ ਹੈ ਜੋ ਕਿ ਗੁੱਸੇ ਦੀ ਵਜ੍ਹਾ ਬਣਦਾ ਹੈ। ਸਰੀਰ ਉੱਪਰ ਗੁੱਸੇ ਦੇ ਮਾੜੇ ਪ੍ਰਭਾਵ ਵਿਅਕਤੀ ਦੀ ਸਰੀਰਕ ਸੰਵੇਦਨਾ ਉੱਪਰ ਵੀ ਨਿਰਭਰ ਕਰਦੇ ਹਨ। ਯੋਗ ਆਸਣ ਜਾਂ ਧਿਆਨ ਲਗਾਉਣ ਨੂੰ ਗੁੱਸੇ ਦਾ ਇਲਾਜ ਵਧੀਆ ਇਲਾਜ ਮੰਨਿਆ ਗਿਆ ਹੈ। ਪਰ, ਅੱਜ ਦੇ ਯੁਗ ਵਿੱਚ ਗੁੱਸੇ ਦਾ ਡਾਕਟਰੀ ਇਲਾਜ ਵੀ ਸੰਭਵ ਹੈ। ਗੁੱਸੇ ਤੋਂ ਬਚਣ ਲਈ ਧਿਆਨ ਲਾਂਭੇ ਕਰਨਾ ਲਾਜ਼ਮੀ ਹੁੰਦਾ ਹੈ ਅਤੇ ਅਜਿਹਾ ਕਰਨ ਲਈ ਕੁਦਰਤੀ ਨਜ਼ਾਰੀਆਂ ਵੱਲ ਧਿਆਨ ਦੇਣਾ, ਆਪਣਾ ਮਨਪਸੰਦ ਸੰਗੀਤ ਸੁਣਨਾ, ਕਸਰਤ ਕਰਨੀ, ਖੇਡਾਂ ਵਿੱਚ ਹਿੱਸਾ ਲੈਣਾ, ਲੰਮੀ ਸੈਰ, ਵਧੀਆ ਕਿਤਾਬਾਂ ਪੜ੍ਹਨੀਆਂ, ਚੁਟਕਲੇ ਸੁਣਨੇ-ਸੁਣਾਉਣੇ, ਪਾਲਤੂ ਜਾਨਵਰਾਂ ਦਾ ਸੰਗ ਜਾਂ ਚਿਤਰਕਾਰੀ ਜਾਂ ਕੋਈ ਹੋਰ ਮਨਭਾਉਂਦਾ ਕਾਰਜ ਕੀਤਾ ਜਾ ਸਕਦਾ ਹੈ।

ਵੱਖ-ਵੱਖ ਸਥਿਤੀਆਂ ਵਿੱਚ ਵੱਖ-ਵੱਖ ਕਾਰਣਾਂ ਕਰਕੇ ਆਇਆ ਗੁੱਸਾ ਮਨੁੱਖੀ ਸਰੀਰ ਅੰਦਰ ਜਿਹੜੀਆਂ ਬਿਮਾਰੀਆਂ ਪੈਦਾ ਕਰਨ ਦੇ ਸਮਰੱਥ ਹੋ ਸਕਦਾ ਹੈ, ਉਨ੍ਹਾਂ ਬਿਮਾਰੀਆਂ ਦੇ ਇਲਾਜ ਦੀ ਜੜ੍ਹ ਗੁੱਸੇ ਦੇ ਕਾਰਣਾਂ ਵਿੱਚੋਂ ਲੱਭ ਕੇ ਹੋਮਿਓਪੈਥੀ ਦੀ ਢੁੱਕਵੀਂ ਦਵਾਈ ਦੀ ਚੋਣ ਰਾਹੀਂ ਹੋ ਸਕਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਹਰ ਕੇਸ ਨੂੰ ਵਖਰੇਵੇਂ ਨਾਲ ਵੇਖਦਿਆਂ ਉਪਰੋਕਤ ਦੱਸੇ ਅਨੁਸਾਰ ਪੀੜਤ ਵਿਅਕਤੀ ਦੀ ਮਦਦ ਕਰਦੇ ਹਨ। ਗੁੱਸੇ ਦੀ ਸਥਿਤੀ ਵਿੱਚ ਹੋਮਿਓਪੈਥੀ ਦੀਆਂ ਕੁਝ ਦਵਾਈਆਂ ਜਿਵੇਂ ਕਿ ਕੈਮੋਮੀਲਾ, ਨਕਸਵਾਮੀਕਾ, ਸਟੈਫ਼ੀਸੈਗਰੀਆ ਅਤੇ ਕੋਲੋਸਿੰਥ ਆਦਿ ਲੱਛਣਾਂ ਅਨੁਸਾਰ ਗੁੱਸੈਲੇ ਵਿਅਕਤੀ ਦੇ ਗੁੱਸੇ ਨੂੰ ਠੱਲ੍ਹ ਪਾਉਣ ਵਿੱਚ ਕਾਰਗਰ ਸਿੱਧ ਹੁੰਦੀਆਂ ਹਨ। ਇਨ੍ਹਾਂ ਦਵਾਈਆਂ ਨੂੰ ਆਪਣੇ ਪੱਧਰ 'ਤੇ ਕਦੇ ਵੀ ਨਹੀਂ ਲੈਣਾ ਚਾਹੀਦਾ, ਸਗੋਂ ਪੇਸ਼ਾਵਰ ਹੋਮਿਓਪੈਥ ਦੀ ਸੇਵਾਵਾਂ ਦਾ ਲਾਭ ਲੈਣਾ ਚਾਹੀਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਉ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।


*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca



ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ
☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.
Repairing, Polishing & Appraisals
Step-in and see our exclusive collections of Singapore, India, Pakistan and Custom-made 22K Jewellery
OFFICIAL AGENTS OF RADO WATCHES
ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ
6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਇੱਕ ਵਿਅਕਤੀ ਕੰਪਿਊਟਰ ਦੀ ਦੁਕਾਨ ਵਿੱਚ ਕੇ ਬੋਲਿਆ, ''ਸੁਣਿਆ ਹੈ ਅੱਜਕੱਲ੍ਹ ਸਾਰੇ ਕੰਮ ਕੰਪਿਊਟਰ ਨਾਲ ਹੋ ਰਹੇ ਹਨ?''

ਦੁਕਾਨ ਵਾਲਾ, ''ਜੀ ਹਾਂ, ਹੋ ਰਹੇ ਹਨ।''

ਵਿਅਕਤੀ, ''ਸਾਡੇ ਪਾਸੇ ਵਰਖਾ ਨਹੀਂ ਹੋ ਰਹੀ, ਜ਼ਰਾ ਪਾਣੀ ਡਾਊਨਲੋਡ ਕਰਵਾਉਣਾ ਸੀ।''

*********

ਸੰਨੀ, ''ਤੁਸੀਂ ਇੰਨੇ ਕਾਮਯਾਬ ਕਿਵੇਂ ਹੋ?''

ਰਵੀ, ''ਮੈਂ ਹਰ ਕੰਮ ਗਰਲਫ੍ਰੈਂਡ ਤੋਂ ਪੁੱਛ ਕੇ ਕਰਦਾ ਹਾਂ।''

ਸੰਨੀ, ''...ਤਾਂ ਉਹ ਬਹੁਤ ਸਮਝਦਾਰ ਹੋਵੇਗੀ?''

ਰਵੀ, ''ਨਹੀਂ, ਉਹ ਜੋ ਬੋਲਦੀ ਹੈ, ਮੈਂ ਉਸ ਦਾ ਉਲਟਾ ਕਰਦਾ ਹਾਂ।''

*********

ਕਮਲ ਨੇ ਰਾਜੇਸ਼ ਨੂੰ ਕਿਹਾ, ''ਭਰਾਵਾ, ਔਰਤ ਜਾਤ ਨੂੰ ਕੋਈ ਨਹੀਂ ਸਮਝ ਸਕਦਾ।''

ਰਾਜੇਸ਼, ''ਕਿਉਂ ਕੀ ਹੋਇਆ?''

ਕਮਲ, ''ਹੋਣਾ ਕੀ ਸੀ, ਤੇਰੀ ਭਾਬੀ ਕਈ ਦਿਨਾਂ ਤੋਂ ਵਿਦੇਸ਼ ਜਾਣ ਦੀ ਜ਼ਿੱਦ ਉੱਤੇ ਅੜੀ ਹੋਈ ਸੀ ਤੇ ਮੇਰੇ ਨਾਲ ਲੜਦੀ ਝਗੜਦੀ ਰਹਿੰਦੀ ਸੀ, ਅੱਜਕੱਲ੍ਹ ਮੈਂ ਚੀਨ ਜਾਣ ਲਈ ਕਹਿ ਰਿਹਾ ਹਾਂ ਤਾਂ ਨਾਂਹ ਕਰ ਰਹੀ ਹੈ।''

*********

ਪਤੀ, ''ਡਾਕਟਰ ਨੇ ਮੈਨੂੰ ਡਾਇਬਟੀਜ਼ ਦੱਸੀ ਹੈ ਅਤੇ ਫਿੱਕੀ ਚਾਹ ਪੀਣ ਲਈ ਕਿਹਾ ਹੈ। ਮੇਰੀ ਚਾਹ ਵਿੱਚ ਖੰਡ ਨਾ ਪਾਵੀਂ।''

ਪਤਨੀ, ''ਮੈਂ ਵੱਖ-ਵੱਖ ਚਾਹ ਨਹੀਂ ਬਣਾਵਾਂਗੀ। ਇਹ ਕੰਮ ਕਰੋ ਕਿ ਇਹ ਲਓ ਲੱਡੂ, ਇਸ ਨੂੰ ਖਾ ਕੇ ਚਾਹ ਪੀ ਲਓ, ਫਿੱਕੀ ਲੱਗੇਗੀ।''

*********

ਰਾਤ ਭਰ ਪਤੀ-ਪਤਨੀ ਲੜਦੇ ਲੜਦੇ ਸੌਂ ਗਏ। ਦੂਜੇ ਦਿਨ ਸਵੇਰ ਹੋਈ ਤਾਂ ਪਤੀ ਉਠਿਆ ਤੇ ਲੇਟੀ ਹੋਈ ਪਤਨੀ ਲਈ ਗਰਮਾ-ਗਰਮਾ ਦੁੱਧ ਲੈ ਕੇ ਹਾਜ਼ਰ ਹੋਇਆ।

ਪਤਨੀ, ''ਇੰਝ ਤੁਸੀਂ ਰਾਤ ਦੀ ਲੜਾਈ ਲਈ ਮੁਆਫੀ ਮੰਗ ਰਹੇ ਹੋ?''

ਪਤੀ, ''ਕਿਸ ਨੇ ਕਿਹਾ ਮੁਆਫੀ ਮੰਗ ਰਿਹਾ ਹਾਂ। ਅੱਜ ਨਾਗ-ਪੰਚਮੀ ਹੈ, ਲੈ ਨਾਗਿਨ ਦੁੱਧ ਪੀ ਲੈ।''

*********

ਲੜਕੇ ਨੇ ਲੜਕੀ ਨੂੰ ਪ੍ਰਪੋਜ਼ ਕੀਤਾ।

ਲੜਕੀ, ''ਅਜਿਹੀ ਕੀ ਖਾਸ ਗੱਲ ਹੈ ਤੇਰੇ ਵਿੱਚ?''

ਲੜਕਾ, ''ਮੇਰੇ ਪਿਤਾ ਜੀ ਪਿੰਡ ਦੇ ਸਭ ਤੋਂ ਵੱਡੇ ਆਦਮੀ ਹਨ।''

ਲੜਕੀ ਤੁਰੰਤ ਵਿਆਹ ਕਰਨ ਲਈ ਤਿਆਰ ਹੋ ਗਈ, ਪਰ ਵਿਆਹ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਲੜਕੇ ਦੇ ਪਿਤਾ ਦੀ ਉਮਰ 99 ਸਾਲ ਹੈ।

*********

ਸਵੇਰੇ ਸਵੇਰੇ ਪਤਨੀ ਨੀਂਦ ਤੋਂ ਉਠਦਿਆਂ ਹੀ ਬੋਲੀ, ''ਮੈਂ ਕਿਹਾ ਜੀ ਸੁਣਦੇ ਹੋ?''

ਪਤੀ, ''ਦੱਸ ਭਾਗਵਾਨੇ, ਕੀ ਹੋਇਆ?''

ਪਤਨੀ, ''ਮੈਨੂੰ ਸੁਫਨਾ ਆਇਆ ਕਿ ਤੁਸੀਂ ਮੇਰੇ ਲਈ ਹੀਰਿਆਂ ਦਾ ਹਾਰ ਲੈ ਕੇ ਆਏ ਹੋ।''

ਪਤੀ, ''ਠੀਕ ਹੈ, ਤਾਂ ਵਾਪਸ ਸੌਂ ਜਾ ਅਤੇ ਪਹਿਨ ਲੈ।''

*********

ਮੁੰਡ ਬੱਸ ਵਿੱਚ ਬਹੁਤ ਦੇਰ ਤੱਕ ਕੁੜੀ ਵੱਲ ਦੇਖਦਾ ਰਿਹਾ ਅਤੇ ਫਿਰ ਨੇੜੇ ਜਾ ਕੇ ਬੋਲਿਆ, ''ਆਈ ਲਵ ਯੂ।''

ਕੁੜੀ, ''ਸੂਰਤ ਨੂੰ ਵੀ ਦੇਖਿਆ ਹੈ ਕਦੇ?''

ਮੁੰਡਾ, ''ਨਹੀਂ, ਮੈਂ ਤਾਂ ਬਸ ਅਹਿਮਦਾਬਾਦ ਤੱਕ ਗਿਆ ਹਾਂ, ਸੂਰਤ ਕਦੇ ਗਿਆ ਹੀ ਨਹੀਂ, ਦੇਖਾਂਗੇ ਕਿਵੇਂ?''

*********

ਪਤਨੀ, ''ਇਸ ਨਰਕ ਵਿੱਚ ਤੇਰੀ ਗੁਲਾਮੀ ਕਰਦੀ-ਕਰਦੀ ਮੈਂ ਤੰਗ ਆ ਗਈ ਹਾਂ। ਲੱਗਦਾ ਹੈ ਕਿ ਪਿਛਲੇ ਜਨਮ ਵਿੱਚ ਮੈਂ ਬਹੁਤ ਮਾੜੇ ਕਰਮ ਕੀਤੇ ਹੋਣਗੇ।''

ਪਤੀ, ''....ਤਾਂ ਇਸ ਵਾਰੀ ਚੰਗੇ ਕਰਮ ਕਰ ਲੈ। ਪੇਕਿਆਂ ਨੂੰ ਜਾ ਅਤੇ ਮੇਰੇ ਘਰ ਨੂੰ ਸਵਰਗ ਬਣਾ ਦੇ।''

*********

ਇੱਕ ਵਿਅਕਤੀ ਹੈਲੀਕਾਪਟਰ ਉਡਾਉਣਾ ਸਿੱਖ ਰਿਹਾ ਸੀ। 500 ਫੁੱਟ ਦੀ ਉਚਾਈ ਉੱਤੇ ਉੱਡਦੇ ਉੱਡਦੇ ਅਚਾਨਕ ਹੈਲੀਕਾਪਟਰ ਹੇਠਾਂ ਆ ਡਿੱਗਿਆ।

ਟਰੇਨਰ ਨੇ ਪੁੱਛਿਆ, ''ਕੀ ਹੋਇਆ?''

ਜਵਾਬ ਮਿਲਿਆ, ''ਕੁਝ ਨਹੀਂ, ਉਪਰ ਜਾ ਕੇ ਮੈਨੂੰ ਠੰਢ ਲੱਗਣ ਲੱਗੀ। ਮੈਂ ਪੱਖੇ ਬੰਦ ਕਰ ਦਿੱਤੇ ਸਨ।''

*********

ਓਂਕਾਰ (ਗੋਪੀ ਨੂੰ), ''ਔਰਤਾਂ ਬੜੀਆਂ ਚਲਾਕ ਹੁੰਦੀਆਂ ਹਨ।''

ਗੋਪੀ, ''ਕੀ ਹੋਇਆ?''

ਓਂਕਾਰ, ''ਕੱਲ੍ਹ ਮੈਂ ਆਪਣੀ ਸਾਲੀ ਨੂੰ ਮਜ਼ਾਕ ਵਿੱਚ ਕਿਹਾ ਕਿ ਸਾਲੀ ਅੱਧੀ ਘਰਵਾਲੀ ਹੁੰਦੀ ਹੈ।''

ਗੋਪੀ, ''ਫਿਰ ਕੀ ਹੋਇਆ?''

ਓਂਕਾਰ, ''ਉਹ ਮੇਰੀ ਅੱਧੀ ਤਨਖਾਹ ਮੰਗ ਰਹੀ ਹੈ।''

*********

ਦੋ ਦੋਸਤ ਹੋਟਲ ਵਿੱਚ ਖਾਣਾ ਖਾ ਰਹੇ ਸੀ। ਇੱਕ ਨੇ ਕਿਹਾ, ''ਯਾਰ ਤੁਸੀਂ ਮੇਰੀ ਮਾਂ ਬਣ ਜਾਓ ਅਤੇ ਆਪਣੇ ਹੱਥਾਂ ਨਾਲ ਮੇਰੀ ਪਲੇਟ ਵਿੱਚ ਪਰੋਸਦੇ ਜਾਓ।''

ਖਾਣਾ ਖਾਣ ਤੋਂ ਬਾਅਦ ਦੂਜਾ ਦੋਸਤ ਬੋਲਿਆ, ''ਹੁਣ ਤੂੰ ਮੇਰਾ ਬਾਪ ਬਣ ਜਾ ਤੇ ਬਿੱਲ ਅਦਾ ਕਰ ਦੇ।''

*********

ਪਹਿਲਾ ਕੈਦੀ, ''ਤੁਸੀਂ ਜੇਲ੍ਹ ਵਿੱਚ ਕਿਵੇਂ ਆਏ?''

ਦੂਸਰਾ, ''ਬੱਸ ਇੱਕ ਰੱਸੀ ਚੋਰੀ ਕਰਨ ਦੇ ਦੋਸ਼ ਵਿੱਚ।''

ਪਹਿਲਾ, ''ਇਹ ਤਾਂ ਨਹੀਂ ਹੋ ਸਕਦਾ ਕਿ ਸਿਰਫ ਰੱਸੀ ਚੋਰੀ ਕਰਨ ਉੱਤੇ ਜੇਲ੍ਹ ਹੋ ਜਾਵੇ।''

ਦੂਸਰਾ, ''ਭਰਾ ਉਸ ਦੇ ਦੂਜੇ ਸਿਰੇ ਉੱਤੇ ਮੱਝ ਬੰਨ੍ਹੀ ਸੀ।''

*********

ਕਿਸੇ ਨੇ ਗੁਲਫਾਮ ਸਾਹਿਬ ਤੋਂ ਗੁਆਚੇ ਹੋਏ ਆਤਮ ਵਿਸ਼ਵਾਸ ਨੂੰ ਜਗਾਉਣ ਦਾ ਫਾਰਮੂਲਾ ਪੁੱਛਿਆ ਤਾਂ ਉਹ ਮੁਸਕਰਾ ਕੇ ਬੋਲੇ, ''ਸਭ ਤੋਂ ਪਹਿਲਾਂ ਕੁਰਸੀ ਉੱਤੇ ਆਕੜ ਕੇ ਬੈਠ ਜਾਓ।

ਫਿਰ ਮੱਧਮ ਆਵਾਜ਼ ਵਿੱਚ ਵਾਰ-ਵਾਰ ਕਹੋ, ਮੇਰੇ ਵਿੱਚ ਦਲੇਰੀ ਹੈ, ਸ਼ਕਤੀ ਹੈ, ਹਿੰਮਤ ਹੈ, ਦਮ ਹੈ।''‘'ਮੱਧਮ ਆਵਾਜ਼ ਵਿੱਚ ਬੋਲਣ ਦੀ ਕੀ ਲੋੜ ਹੈ?

ਕੀ ਮੈਂ ਤੇਜ਼ ਆਵਾਜ਼ ਵਿੱਚ ਨਹੀਂ ਬੋਲ ਸਕਦਾ?'' ਦੂਜੇ ਵਿਅਕਤੀ ਨੇ ਪੁੱਛਿਆ।

''ਜੇ ਤੁਸੀਂ ਤੇਜ਼ ਆਵਾਜ਼ ਵਿੱਚ ਬੋਲੋਗੇ ਤਾਂ ਲੋਕ ਕਹਿਣਗੇ ਕਿ ਇਹ ਪਾਗਲ ਹੈ।

ਇਸ ਨੂੰ ਕਿਸੇ ਮਨੋਰੋਗ ਮਾਹਿਰ ਦੇ ਕੋਲ ਲੈ ਜਾਓ।'' ਗੁਲਫਾਮ ਸਾਹਿਬ ਨੇ ਆਪਣੇ ਤਜਰਬੇ ਦੀ ਮਿਸਾਲ ਦਿੰਦੇ ਹੋਏ ਦੱਸਿਆ।

*********

ਮਰੀਜ਼, ''ਮੈਨੂੰ ਕੋਈ ਗੱਲ ਇੱਕ ਮਿੰਟ ਲਈ ਵੀ ਯਾਦ ਨਹੀਂ ਰਹਿੰਦੀ।''

ਡਾਕਟਰ, ''ਅਜਿਹਾ ਕਦੋਂ ਤੋਂ ਹੈ?''

ਮਰੀਜ਼, ''ਕੀ ਕਦੋਂ ਤੋਂ ਹੈ।''

*********

ਕਮਲ, ''ਤੁਸੀਂ ਮੈਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ।''

ਵਿਨੋਦ, ''ਨਹੀਂ, ਜਿਹੜਾ ਕੰਮ ਕੁਦਰਤ ਖੁਦ ਕਰ ਰਹੀ ਹੈ, ਮੈਂ ਉਸ ਵਿੱਚ ਦਖਲ ਨਹੀਂ ਦਿੰਦਾ।''

*********

ਸਕੂਲ ਦਾ ਮੁੱਖ ਅਧਿਆਪਕ, ''ਸੇਠ ਜੀ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੈਂ ਤੁਹਾਡੇ ਬੇਟੇ ਨੂੰ ਸਕੂਲ ਵਿੱਚ ਭਰਤੀ ਨਹੀਂ ਕਰ ਸਕਦਾ, ਕਿਉਂਕਿ ਸਕੂਲ ਵਿੱਚ ਕੋਈ ਸੀਟ ਖਾਲੀ ਨਹੀਂ ਹੈ।''

ਸੇਠ ਜੀ, ''ਤੁਸੀਂ ਬੱਚੇ ਨੂੰ ਭਰਤੀ ਕਰ ਲਓ, ਇਸ ਦੇ ਲਈ ਸੀਟ ਮੈਂ ਘਰੋਂ ਭੇਜ ਦਿਆਂਗਾ।''

*********

ਇੱਕ ਵਿਅਕਤੀ ਨੇ ਕਵੀ ਨੂੰ ਪੁੱਛਿਆ, ''ਤੁਹਾਡੇ ਕੋਲ 100 ਰੁਪਏ ਦੇ ਖੁੱਲ੍ਹੇ ਨੋਟ ਹਨ?''

ਕਵੀ, ''100 ਰੁਪਏ ਦੇ ਖੁੱਲ੍ਹੇ ਤਾਂ ਨਹੀਂ ਹਨ, ਪਰ ਇਹ ਪੁੱਛ ਕੇ ਤੁਸੀਂ ਮੇਰੀ ਜੋ ਇੱਜ਼ਤ ਵਧਾਈ ਹੈ, ਮੈਂ ਉਸ ਦੇ ਲਈ ਧੰਨਵਾਦੀ ਹਾਂ।''

*********

ਮ ਾ ਸ ਟ ਰ(ਵਿਦਿਆਰਥੀ ਨੂੰ)-ਜੇ ਤੁਹਾਡੇ ਕੰਨ ਨਾ ਹੁੰਦੇ ਤਾਂ ਕੀ ਹੁੰਦਾ?

ਵਿਦਿਆਰਥੀ-ਮਾਸਟਰ ਜੀ, ਫਿਰ ਤੁਸੀਂ ਸਾਡੇ ਕੰਨ ਨਹੀਂ ਸੀ ਖਿੱਚ ਸਕਦੇ।

*********

ਪਤਨੀ : ਸੱਚਸੱਚ ਦੱਸੋ, ਫ਼ਿਲਮ ਵਿਚ ਜਿੰਨੀਆਂ ਕੁੜੀਆਂ ਦੇਖੀਆਂ, ਉਨ੍ਹਾਂ ਵਿਚੋਂ ਕੋਈ ਮੇਰੇ ਜਿੰਨੀ ਸੋਹਣੀ ਸੀ?

ਪਤੀ : ਨਹੀਂ-ਨਹੀਂ, ਸਾਰੀ ਦੁਨੀਆ ਵਿਚ ਤੇਰੇ ਵਰਗੀ

ਸੋਹਣੀ ਔਰਤ ਨਹੀਂ ਹੈ।

ਪਤਨੀ-ਜੀ ਤੁਸੀਂ ਕਿੰਨੇ ਚੰਗੇ ਹੋ ਤੇ ਵਫ਼ਾਦਾਰ ਵੀ।

ਪਤੀ-ਅਤੇ ਡਰਪੋਕ ਵੀ।

*********

ਇਕ ਸਾਈਕਲ ਸਵਾਰ ਨੇ ਆਪਣੇ ਸਾਈਕਲ ਦੇ ਡੰਡੇ ‘ਤੇ ਆਪਣੇ ਬੱਚੇ ਨੂੰ ਬਿਠਾਇਆ ਹੋਇਆ ਸੀ ਅਤੇ ਬੱਚੇ ਦੇ ਕੰਨ ‘ਤੇ ਚਪੇੜਾਂ ਮਾਰੀ ਜਾ ਰਿਹਾ ਸੀ ਅਤੇ ਉਹ ਬੱਚਾ ਉੱਚੀ-ਉੱਚੀ ਰੋ ਰਿਹਾ ਸੀ।

ਉਸ ਬੱਚੇ ਦੇ ਪਿਤਾ ਨੂੰ ਕਿਸੇ ਨੇ ਕਿਹਾ, ‘ਭਾਈ ਸਾਹਿਬ, ਤੁਸੀਂ ਆਪਣੇ ਬੱਚੇ ਨੂੰ ਜਾਣਬੁੱਝ ਕੇ ਕਿਉਂ ਰਵਾਉਂਦੇ ਹੋ? ਚੁੱਪ ਕਿਉਂ ਨਹੀਂ ਕਰਾਉਂਦੇ?’

ਸਾਈਕਲ ਸਵਾਰ-ਭਾਈ ਸਾਹਿਬ, ਮੇਰੇ ਸਾਈਕਲ ‘ਤੇ ਘੰਟੀ ਨਹੀਂ ਹੈ, ਇਸ ਲਈ।

*********

ਇੱਕ ਛੋਟੇ ਜਵਾਕ ਨੇ ਆਪਣੀ ਮਾਂ ਨੂੰ ਪੁੱਛਿਆਂ ਮਾਂ ਮੈ ਏਨਾ ਵੱਡਾ ਕਦੋ ਹੋਵਾਗਾ ਕਿ ਤੇਰੇ ਤੋ ਪੁੱਛੇ

ਬਿਨਾ ਕਿਤੇ ਵੀ ਆ ਜਾਹ ਸਕਾਂਗਾ.....?

ਅੱਗੋ ਮਾਂ ਨੇ ਦਿਲ ਛੋਹਣ ਵਾਲਾ ਜਵਾਬ ਦਿੱਤਾ.......

ਪੁੱਤਰਾ ਏਨਾ ਵੱਡਾ ਤਾ ਤੇਰਾ ਅਜੇ ਬਾਪੂ ਵੀ ਨੀ ਹੋਇਆ ਕਿ ਮੇਰੇ ਤੋ ਪੁੱਛੇ ਬਿਨਾ ਕਿਤੇ ਆ ਜਾਹ ਸਕੇ।

*********

ਅਮਲੀ- ਡਾਕਟਰ ਸਾਹਿਬ, ਮੈਨੂੰ 2 ਸਾਲ ਪਹਿਲਾਂ ਬੁਖਾਰ ਹੋ ਗਿਆ ਸੀ।

ਡਾਕਟਰ- ਤਾਂ ਹੁਣ ਕੀ ਹੈ?

ਅਮਲੀ : ਤੁਸੀ ਉਸ ਸਮੇਂ ਮੈਨੂੰ ਨਹਾਉਣ ਤੋਂ ਮਨਾ ਕਰ ਦਿੱਤਾ ਸੀ, ਅੱਜ ਮੈਂ ਇੱਥੋਂ ਲੰਘ ਰਿਹਾ ਸੀ ਤਾਂ ਸੋਚਿਆ ਪੁੱਛ ਲਵਾਂ.. "ਕੀ ਮੈਂ ਹੁਣ ਨਹਾ ਸਕਦਾਂ?

********

ਪਤਨੀ ਸ਼ੌਕ ਨਾਲ ਘਰ ਵਿੱਚ ਕੁੱਤਾ ਲੈ ਆਈ..

ਪਤੀ ਗੁੱਸੇ ਵਿੱਚ ਬੋਲਿਆ, ''ਕਿਸੇ ਦਿਨ ਮੈਂ ਤੇਰੇ ਕੁੱਤੇ ਦੀ ਜਾਨ ਲੈ ਲਵਾਂਗਾ।"

ਪਤਨੀ, ''ਕਿਉਂ, ਅਜਿਹਾ ਕੀ ਕੀਤਾ ਇਸ ਨੇ?"

ਪਤੀ, ''ਜਦੋਂ ਵੀ ਮੈਂ ਗਾਉਣ ਲਗਦਾ ਹਾਂ, ਇਹ ਭੌਂਕਣਾ ਸ਼ੁਰੂ ਕਰ ਦਿੰਦਾ ਹੈ।"

ਪਤਨੀ, ''ਇਸ ਵਿੱਚ ਇਸਦਾ ਕੀ ਕਸੂਰ ਹੈ, ਸ਼ੁਰੂਆਤ ਤਾਂ ਤੁਸੀਂ ਹੀ ਕਰਦੇ ਹਾਂ।"

********

ਭਿਖਾਰੀ, ''ਭਗਵਾਨ ਦੇ ਲਈ ਅੰਨ੍ਹੇ ਭਿਖਾਰੀ ਨੂੰ ਕੁਝ ਦੇ ਦਿਓ ਬਾਬਾ।''

ਰਾਹਗੀਰ, ''ਭੀਖ ਤਾਂ ਦੇ ਦਿਆਂ, ਪਰ ਕਿਵੇਂ ਮੰਨ ਲਵਾਂ ਕਿ ਤੂੰ ਅੰਨ੍ਹਾ ਏਂ?''

ਭਿਖਾਰੀ, ''ਸਾਹਿਬ ਕੀ ਤੁਹਾਨੂੰ ਸਾਹਮਣੇ ਵਾਲੇ ਲਾਲ ਮਕਾਨ ਉਤੇ ਬੈਠਾ ਸਫੈਦ ਕਬੂਤਰ ਨਜ਼ਰ ਆ ਰਿਹਾ ਹੈ।''

ਰਾਹਗੀਰ, ''ਹਾਂ ਮੈਨੂੰ ਤਾਂ ਨਜ਼ਰ ਆ ਰਿਹਾ ਹੈ।''

ਭਿਖਾਰੀ, ''...ਪਰ ਮੈਨੂੰ ਉਹ ਨਜ਼ਰ ਨਹੀਂ ਆ ਰਿਹੈ।''

********

ਕ੍ਰਿਸ਼ਨ ਨੇ ਆਪਣੀ ਪਤਨੀ ਚੰਚਲ ਨੂੰ ਕਿਹਾ, ''ਜੇ ਤੂੰ ਇੱਕ ਦਿਨ ਮੈਨੂੰ ਆਪਣੇ ਹੱਥ ਨਾਲ ਖਾਣਾ ਬਣਾ ਕੇ ਖੁਆ ਦੇਵੇਂ ਤਾਂ ਮੈਂ ਤੈਨੂੰ ਅਜਿਹੀ ਖਬਰ ਸੁਣਾਵਾਂਗਾ, ਜਿਸ ਨੂੰ ਸੁਣ ਕੇ ਤੂੰ ਉਛਲ ਪਵੇਂਗੀ।''

ਉਸੇ ਦਿਨ ਚੰਚਲ ਨੇ ਬੜੇ ਉਤਸ਼ਾਹ ਨਾਲ ਖਾਣਾ ਬਣਾ ਕੇ ਕ੍ਰਿਸ਼ਨ ਨੂੰ ਖਵਾਇਆ ਤੇ ਬੋਲੀ, ''ਸੁਣਾਓ ਖਬਰ?''

''ਕੱਲ੍ਹ ਤੋਂ ਰਸੋਈਆ ਖਾਣਾ ਬਣਾਉਣ ਨਹੀਂ ਆਏਗਾ?'' ਕ੍ਰਿਸ਼ਨ ਨੇ ਕਿਹਾ।

********

ਸੰਤਾ :- ਤੁਸੀਂ ਹਸਪਤਾਲ ਤੋਂ ਬਿਨਾਂ ਅਪਰੇਸ਼ਨ ਕਰਵਾਏ ਕਿਉਂ ਭੱਜ ਗਏ?

ਬੰਤਾ :- ਨਰਸ ਵਾਰ-ਵਾਰ ਕਹਿ ਰਹੀ ਸੀ ਕਿ ਡਰੋ ਨਾ, ਹਿੰਮਤ ਰੱਖੋ, ਕੁਝ ਨਹੀਂ ਹੋਵੇਗਾ.. ਇਹ ਤਾਂ ਇੱਕ ਛੋਟਾ ਜਿਹਾ ਅਪਰੇਸ਼ਨ ਹੈ!

ਸੰਤਾ: ਤਾਂ ਡਰਨ ਵਾਲੀ ਕੀ ਗੱਲ ਹੈ? ਨਰਸ ਠੀਕ ਤਾਂ ਕਹਿ ਰਹੀ ਸੀ!

ਬੰਤਾ :- ਜੀਜਾ, ਉਹ ਮੈਨੂੰ ਨਹੀਂ ਡਾਕਟਰ ਕਹਿ ਰਹੀ ਸੀ !!!

********

ਸੰਤਾ ਖੁਦ ਰੋਟੀ ਖਾ ਰਿਹਾ ਸੀ ਅਤੇ ਕੋਲ ਬੈਠੀ ਕੁਕੜੀ ਨੂੰ ਖੁਆ ਰਿਹਾ ਸੀ...

ਬੰਤਾ :- “ਇਹ ਕੀ ਕਰ ਰਿਹਾ ਹੈ? ,

ਸੰਤਾ :- “ਮੈਂ ਚਿਕਨ ਨਾਲ ਰੋਟੀ ਖਾ ਰਿਹਾ ਹਾਂ”








SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# ਪੰਜਾਬ ‘ਚ ਅਕਾਲੀ ਦਲ-ਬਸਪਾ ਗਠਜੋੜ ਨੂੰ ਲੱਗ ਸਕਦਾ ਏ ਝਟਕਾ

ਜਲੰਧਰ - ਅਕਾਲੀ ਦਲ ਨੂੰ ਪੰਜਾਬ ਵਿਚ ਬਸਪਾ ਨਾਲ ਗਠਜੋੜ ਨੂੰ ਲੈ ਕੇ ਵੱਡਾ ਝਟਕਾ ਲੱਗਦਾ ਨਜ਼ਰ ਆ ਰਿਹਾ ਹੈ। ਬਸਪਾ ਮੁਖੀ ਮਾਇਆਵਤੀ ਨੇ ਲੋਕ ਸਭਾ ਚੋਣਾਂ ਨੂੰ ਲੈ ਕੇ ਬੀਤੇ ਦਿਨੀਂ ਪ੍ਰੈੱਸ ਕਾਨਫ਼ਰੰਸ ਕਰਦੇ ਹੋਏ ਵੱਡਾ ਐਲਾਨ ਕੀਤਾ ਸੀ, ਜਿੱਥੇ ਉਹ ਅਕਾਲੀ ਦਲ ਨਾਲ ਗਠਜੋੜ ਤੋਂ ਕਿਤੇ ਨਾ ਕਿਤੇ ਕਿਨਾਰਾ ਕਰਦੇ ਹੋਏ ਨਜ਼ਰ ਆ ਰਹੇ ਹਨ।ਦਰਅਸਲ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਆਪਣੇ 68ਵੇਂ ਜਨਮ ਦਿਨ ਮੌਕੇ ਵੱਡਾ ਐਲਾਨ ਕਰਦੇ ਹੋਏ ਕਿਹਾ ਸੀ ਕਿ ਬਸਪਾ 2024 ਦੀਆਂ ਲੋਕ ਸਭਾ ਚੋਣਾਂ ਇਕੱਲੇ ਹੀ ਲੜੇਗੀ ਅਤੇ ਜਾਤੀਵਾਦੀ, ਪੂੰਜੀਵਾਦੀ ਅਤੇ ਸੌੜੀ ਸੋਚ ਰੱਖਣ ਵਾਲੀਆਂ ਵਿਰੋਧੀ ਪਾਰਟੀਆਂ ਤੋਂ ਦੂਰੀ ਬਣਾ ਕੇ ਰੱਖੇਗੀ। ਇਹ ਚੋਣ ਕਿਸੇ ਵੀ ਗਠਜੋੜ ਜਾਂ ਪਾਰਟੀ ਨਾਲ ਨਹੀਂ ਲੜੇਗੀ।ਮਾਇਆਵਤੀ ਨੇ ਚੋਣਾਂ ਤੋਂ ਬਾਅਦ ਗੱਠਜੋੜ ਤੋਂ ਇਨਕਾਰ ਨਹੀਂ ਕੀਤਾ ਹੈ। ਮਾਇਆਵਤੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਮਗਰੋਂ ਬਸਪਾ ਢੁੱਕਵੀਂ ਨੁਮਾਇੰਦਗੀ ਮਿਲਣ ’ਤੇ ਕੇਂਦਰ ਦੀ ਸਰਕਾਰ ’ਚ ਸ਼ਾਮਲ ਹੋ ਸਕਦੀ ਹੈ।ਉਨ੍ਹਾਂ ਦੇ ਬਿਆਨ ਤੋਂ ਸਪਸ਼ਟ ਹੁੰਦਾ ਹੈ ਕਿ ਬਸਪਾ ਦਾ ਜਿਹੜੇ-ਜਿਹੜੇ ਸੂਬਿਆਂ ਵਿਚ ਹੋਰਾਂ ਪਾਰਟੀਆਂ ਨਾਲ ਗਠਜੋੜ ਹੈ, ਉਸ ਤੋਂ ਕਿਨਾਰਾ ਕਰਦੇ ਹੋਏ ਨਜ਼ਰ ਆਏ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਬਸਪਾ ਦਾ ਗਠਜੋੜ ਅਕਾਲੀ ਦਲ ਨਾਲ ਹੈ ਤਾਂ ਕਿਤੇ ਨਾ ਕਿਤੇ ਉਨ੍ਹਾਂ ਵੱਲੋਂ ਦਿੱਤੇ ਗਏ ਬਿਆਨ ਤੋਂ ਸਪੱਸ਼ਟ ਹੁੰਦਾ ਹੈ ਕਿ ਬਸਪਾ ਅਕਾਲੀ ਦਲ ਨਾਲ ਗਠਜੋੜ ਤੋਂ ਕਿਨਾਰਾ ਕਰ ਰਹੇ ਹਨ।

ਮਾਇਆਵਤੀ ਨੇ ਕਿਹਾ ਕਿ ਸਾਡੀ ਪਾਰਟੀ ਦੇਸ਼ ਵਿਚ ਹੋਣ ਵਾਲੀਆਂ ਲੋਕ ਸਭਾ ਗਰੀਬਾਂ, ਅਣਗੌਲੇ ਵਰਗਾਂ ਖਾਸ ਕਰਕੇ ਅਨੁਸੂਚਿਤ ਜਾਤੀ, ਆਦਿਵਾਸੀਆਂ, ਅਤਿ ਪਛੜੇ ਵਰਗਾਂ, ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟ ਗਿਣਤੀ ਸਮਾਜ ਦੇ ਲੋਕਾਂ ਦੇ ਬਲਬੂਤੇ ‘ਤੇ ਹੀ ਪੂਰੀ ਤਿਆਰੀ ਅਤੇ ਤਾਕਤ ਨਾਲ ਇਕੱਲੇ ਲੜੇਗੀ।

ਉਂਜ ਰਿਪੋਰਟਾਂ ਸਨ ਕਿ ਕੁਝ ਗੱਠਜੋੜ ਮੈਂਬਰਾਂ ਨੇ ਮਾਇਆਵਤੀ ਨੂੰ ‘ਇੰਡੀਆ’ ’ਚ ਸ਼ਾਮਲ ਹੋਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਸਮਾਜਵਾਦੀ ਪਾਰਟੀ ਨੇ ਸੰਕੇਤ ਦਿੱਤੇ ਸਨ ਕਿ ਉਹ ਬਸਪਾ ਨੂੰ ਗੱਠਜੋੜ ’ਚ ਸ਼ਾਮਲ ਕਰਨ ਦੇ ਇੱਛੁਕ ਨਹੀਂ ਹਨ। -


ਸੂਤਰਾਂ ਦੀ ਮੰਨੀਏ ਤਾਂ ਅਕਾਲੀ ਦਲ ਤੇ ਬਸਪਾ ਵਿਚਾਲੇ ਲੰਬੇ ਸਮੇਂ ਤੋਂ ਰਿਸ਼ਤੇ ਸੁਖਾਵੇਂ ਨਹੀਂ ਚੱਲ ਰਹੇ ਸਨ। ਹਾਲਾਂਕਿ ਬਸਪਾ ਸੁਪਰੀਮੋ ਦਾ ਇਹ ਐਲਾਨ ਅਕਾਲੀ ਦਲ ਲਈ ਕਿਸੇ ਝਟਕੇ ਤੋਂ ਘੱਟ ਨਹੀਂ ਹੈ, ਕਿਉਂਕਿ ਹੁਣ ਤੱਕ ਅਕਾਲੀ ਦਲ ਪਾਰਟੀ ਦਾ ਕਿਸੇ ਵੀ ਪਾਰਟੀ ਨਾਲ ਕੋਈ ਸਮਝੌਤਾ ਨਹੀਂ ਹੋਇਆ ਹੈ। ਉਨ੍ਹਾਂ ਦਾ ਗਠਜੋੜ ਬਸਪਾ ਨਾਲ ਹੀ ਸੀ। ਹਾਲਾਂਕਿ ਦੋਵਾਂ ਪਾਰਟੀਆਂ ਦੇ ਸੂਬਾਈ ਆਗੂਆਂ ਵੱਲੋਂ ਅਜੇ ਤੱਕ ਕੋਈ ਬਿਆਨ ਨਹੀਂ ਆਇਆ ਹੈ।

ਬੀਤੇ ਦਿਨੀਂ ਜਸਬੀਰ ਸਿੰਘ ਗੜੀ ਵੱਲੋਂ ਵੀ ਇਹ ਕਿਹਾ ਜਾ ਰਿਹਾ ਸੀ ਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਵੱਲੋਂ ਵੱਡੀ ਪਲਾਨਿੰਗ ਚੱਲ ਰਹੀ ਹੈ ਆਉਣ ਵਾਲੇ ਦਿਨਾਂ ਵਿਚ ਪਾਰਟੀ ਵੱਲੋਂ ਵੱਡਾ ਐਲਾਨ ਕਰ ਦਿੱਤਾ ਜਾਵੇਗਾ। ਮਾਇਆਵਤੀ ਦੇ ਐਲਾਨ ਮਗਰੋਂ ਹੁਣ ਪੰਜਾਬ ਦੀ ਸਿਆਸਤ ਇਕ ਵਾਰ ਫਿਰ ਤੋਂ ਭਖ ਗਈ ਹੈ।

ਦੱਸ ਦਈਏ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਵਿਵਾਦ ਤੋਂ ਬਾਅਦ ਭਾਜਪਾ ਅਤੇ ਅਕਾਲੀ ਦਲ ਵੱਖ ਹੋ ਗਏ ਸਨ। ਇਸ ਤੋਂ ਬਾਅਦ ਅਕਾਲੀ ਦਲ ਅਤੇ ਬਸਪਾ ਵਿਚਾਲੇ ਗਠਜੋੜ ਹੋ ਗਿਆ।

ਦੋਵਾਂ ਪਾਰਟੀਆਂ ਨੇ ਮਿਲ ਕੇ ਵਿਧਾਨ ਸਭਾ ਚੋਣਾਂ ਲੜੀਆਂ ਸਨ, ਜਿਸ ਵਿੱਚ ਅਕਾਲੀ ਦਲ ਨੂੰ ਤਿੰਨ ਅਤੇ ਬਸਪਾ ਨੂੰ ਇਕ ਸੀਟ ਮਿਲੀ ਸੀ ਪਰ ਲੰਬੇ ਸਮੇਂ ਤੋਂ ਉਨ੍ਹਾਂ ਦਾ ਰਿਸ਼ਤਾ ਠੀਕ ਨਹੀਂ ਚੱਲ ਰਿਹਾ ਸੀ। ਇਲਜ਼ਾਮ ਸਨ ਕਿ ਦੋਵਾਂ ਵਿਚਾਲੇ ਮੁਲਾਕਾਤ ਵੀ ਨਹੀਂ ਹੋ ਰਹੀ ਸੀ। ਨਾਲ ਹੀ ਅਕਾਲੀ ਦਲ ਨੇ ਵੀ ਆਪਣੇ ਪ੍ਰੋਗਰਾਮ ਵਿੱਚ ਬਸਪਾ ਆਗੂਆਂ ਨੂੰ ਸ਼ਾਮਲ ਨਹੀਂ ਕੀਤਾ।

# ਉਰਦੂ ਦੇ ਮਸ਼ਹੂਰ ਸ਼ਾਇਰ ਮੁਨੱਵਰ ਰਾਣਾ ਦਾ ਦੇਹਾਂਤ




ਪ੍ਰਸਿੱਧ ਉਰਦੂ ਸ਼ਾਇਰ ਮੁਨੱਵਰ ਰਾਣਾ ਨੇ ਐਤਵਾਰ ਨੂੰ ਉੱਤਰ ਪ੍ਰਦੇਸ਼ ਦੇ ਲਖਨਊ ਦੇ ਇੱਕ ਹਸਪਤਾਲ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਆਖਰੀ ਸਾਹ ਲਿਆ।ਉਹ 71 ਸਾਲਾਂ ਦੇ ਸਨ ਅਤੇ ਪਿਛਲੇ ਕਈ ਮਹੀਨਿਆਂ ਤੋਂ ਲੰਬੀ ਬਿਮਾਰੀ ਨਾਲ ਜੂਝ ਰਹੇ ਸਨ। ਰਾਣਾ ਦਾ ਲਖਨਊ ਦੇ ਪੀਜੀਆਈ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਸੀ।26 ਨਵੰਬਰ, 1952 ਨੂੰ ਉੱਤਰ ਪ੍ਰਦੇਸ਼ ਦੇ ਰਾਏਬਰੇਲੀ ਵਿੱਚ ਜਨਮੇ, ਮੁਨੱਵਰ ਰਾਣਾ ਨੂੰ ਉਰਦੂ ਸਾਹਿਤ ਵਿੱਚ ਆਪਣੇ ਮਹੱਤਵਪੂਰਨ ਯੋਗਦਾਨ, ਖਾਸ ਕਰਕੇ ਆਪਣੀਆਂ ਗ਼ਜ਼ਲਾਂ ਲਈ ਜਾਣਿਆ ਜਾਂਦਾ ਹੈ।2014 ਵਿੱਚ, ਉਸਨੂੰ ਉਸਦੀ ਕਵਿਤਾ, ‘ਸ਼ਾਹਦਾਬਾ’ ਲਈ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਹਾਲਾਂਕਿ, ਉਸਨੇ ਦੇਸ਼ ਵਿੱਚ ‘ਅਸਹਿਣਸ਼ੀਲਤਾ’ ਦਾ ਦੋਸ਼ ਲਗਾਉਂਦੇ ਹੋਏ ਪੁਰਸਕਾਰ ਵਾਪਸ ਕਰ ਦਿੱਤਾ ਸੀ।

ਉਸਨੇ ਆਪਣੇ ਕਰੀਅਰ ਦੌਰਾਨ ਅਮੀਰ ਖੁਸਰੋ ਅਵਾਰਡ, ਮੀਰ ਤਕੀ ਮੀਰ ਅਵਾਰਡ, ਗਾਲਿਬ ਅਵਾਰਡ, ਡਾ ਜ਼ਾਕਿਰ ਹੁਸੈਨ ਅਵਾਰਡ, ਅਤੇ ਸਰਸਵਤੀ ਸਮਾਜ ਅਵਾਰਡ ਸਮੇਤ ਹੋਰ ਪੁਰਸਕਾਰ ਵੀ ਪ੍ਰਾਪਤ ਕੀਤੇ।

ਰਾਣਾ, ਉਰਦੂ ਸ਼ਾਇਰੀ ਵਿੱਚ ਇੱਕ ਮਸ਼ਹੂਰ ਹਸਤੀ, ਦੁਨੀਆ ਭਰ ਦੇ ਲੋਕਾਂ ਦੁਆਰਾ ਪ੍ਰਸ਼ੰਸਾ ਕੀਤੀ ਜਾਂਦੀ ਹੈ। ਜੀਵਨ ਦੇ ਤੱਤ ਨੂੰ ਹਾਸਲ ਕਰਨ ਦੀ ਉਸਦੀ ਯੋਗਤਾ ਉਸਦੇ ਕੰਮ ਵਿੱਚ ਜ਼ਾਹਰ ਸੀ।

# ਉੱਤਰੀ ਕੋਰੀਆ ਹੁਣ ਦੱਖਣੀ ਕੋਰੀਆ ਨਾਲ ਸੁਲ੍ਹਾ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ:ਕਿਮ ਜੋਂਗ ਉਨ



ਸਿਓਲ: ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਹੁਣ ਦਖਣੀ ਕੋਰੀਆ ਨਾਲ ਸੁਲ੍ਹਾ ਨਹੀਂ ਚਾਹੁੰਦਾ ਅਤੇ ਉਨ੍ਹਾਂ ਨੇ ਜੰਗ ਨਾਲ ਵੰਡੇ ਦੇਸ਼ਾਂ ਵਿਚਾਲੇ ਸਾਂਝੇ ਰਾਸ਼ਟਰ ਦੇ ਵਿਚਾਰ ਨੂੰ ਖਤਮ ਕਰਨ ਲਈ ਉੱਤਰੀ ਕੋਰੀਆ ਦੇ ਸੰਵਿਧਾਨ ਨੂੰ ਮੁੜ ਲਿਖਣ ਦਾ ਸੱਦਾ ਦਿਤਾ। ਸਾਂਝੀ ਕੌਮੀ ਏਕਤਾ ਦੀ ਭਾਵਨਾ ’ਤੇ ਅਧਾਰਤ ਦੋਹਾਂ ਕੋਰੀਆ ਦੇ ਦਹਾਕਿਆਂ ਪੁਰਾਣੇ ਏਕੀਕਰਨ ਦੇ ਯਤਨਾਂ ਨੂੰ ਖਤਮ ਕਰਨ ਦਾ ਇਤਿਹਾਸਕ ਕਦਮ ਖੇਤਰ ’ਚ ਵਧਦੇ ਤਣਾਅ ਦੇ ਵਿਚਕਾਰ ਆਇਆ ਹੈ।


ਉੱਤਰੀ ਕੋਰੀਆ ਦੀ ਅਧਿਕਾਰਤ ਕੋਰੀਅਨ ਸੈਂਟਰਲ ਨਿਊਜ਼ ਏਜੰਸੀ (ਕੇ.ਸੀ.ਐਨ.ਏ.) ਮੁਤਾਬਕ ਉੱਤਰੀ ਕੋਰੀਆ ਨੇ ਦਖਣੀ ਕੋਰੀਆ ਨਾਲ ਸਬੰਧ ਬਣਾਈ ਰੱਖਣ ਨਾਲ ਜੁੜੇ ਮਹੱਤਵਪੂਰਨ ਸਰਕਾਰੀ ਸੰਗਠਨਾਂ ਨੂੰ ਵੀ ਖਤਮ ਕਰ ਦਿਤਾ ਹੈ। ਦਖਣੀ ਕੋਰੀਆ ਨਾਲ ਗੱਲਬਾਤ ਅਤੇ ਸਹਿਯੋਗ ਵਿਚ ਸ਼ਾਮਲ ਏਜੰਸੀਆਂ ਨੂੰ ਖਤਮ ਕਰਨ ਦਾ ਫੈਸਲਾ ਸੋਮਵਾਰ ਨੂੰ ਦੇਸ਼ ਦੀ ਸੰਸਦ ਦੀ ਬੈਠਕ ਵਿਚ ਲਿਆ ਗਿਆ।

ਸੁਪਰੀਮ ਪੀਪਲਜ਼ ਅਸੈਂਬਲੀ ਨੇ ਇਕ ਬਿਆਨ ਵਿਚ ਕਿਹਾ ਕਿ ਦੋਵੇਂ ਕੋਰੀਆ ਹੁਣ ਗੰਭੀਰ ਟਕਰਾਅ ਵਿਚ ਹਨ ਅਤੇ ਉੱਤਰੀ ਕੋਰੀਆ ਲਈ ਦਖਣੀ ਕੋਰੀਆ ਨੂੰ ਕੂਟਨੀਤੀ ਵਿਚ ਭਾਈਵਾਲ ਮੰਨਣਾ ਇਕ ਗੰਭੀਰ ਗਲਤੀ ਹੋਵੇਗੀ। ਅਸੈਂਬਲੀ ਨੇ ਇਕ ਬਿਆਨ ਵਿਚ ਕਿਹਾ ਕਿ ਕੌਮੀ ਆਰਥਕ ਸਹਿਯੋਗ ਬਿਊਰੋ ਅਤੇ ਕੌਮਾਂਤਰੀ ਸੈਰ-ਸਪਾਟਾ ਪ੍ਰਸ਼ਾਸਨ, ਉੱਤਰ-ਦਖਣੀ ਕੋਰੀਆ ਗੱਲਬਾਤ, ਗੱਲਬਾਤ ਅਤੇ ਸਹਿਯੋਗ ਲਈ ਬਣਾਈ ਗਈ ਦੇਸ਼ ਦੇ ਸ਼ਾਂਤੀਪੂਰਨ ਪੁਨਰਗਠਨ ਬਾਰੇ ਕਮੇਟੀ ਨੂੰ ਖਾਰਜ ਕੀਤਾ ਜਾਂਦਾ ਹੈ। ਕੇ.ਸੀ.ਐਨ.ਏ. ਨੇ ਕਿਹਾ ਕਿ ਸੰਸਦ ਵਿਚ ਅਪਣੇ ਭਾਸ਼ਣ ਦੌਰਾਨ ਕਿਮ ਨੇ ਦਖਣੀ ਕੋਰੀਆ ਅਤੇ ਅਮਰੀਕਾ ਦੇ ਸਾਂਝੇ ਫੌਜੀ ਅਭਿਆਸ, ਅਮਰੀਕੀ ਰਣਨੀਤਕ ਫੌਜੀ ਸੰਪਤੀਆਂ ਦੀ ਤਾਇਨਾਤੀ ਅਤੇ ਜਾਪਾਨ ਨਾਲ ਉਨ੍ਹਾਂ ਦੇ ਤਿੰਨ ਪੱਖੀ ਸੁਰੱਖਿਆ ਸਹਿਯੋਗ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ’ਤੇ ਖੇਤਰ ਵਿਚ ਤਣਾਅ ਵਧਾਉਣ ਦਾ ਦੋਸ਼ ਲਾਇਆ।

ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

Full Cleaning Service
ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।
ਹੋਰ ਜਾਣਕਾਰੀ ਲਈ ਫੋਨ ਕਰੋ
604-518-4698

The Grand Taj
THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special

# ਕਵਿਤਾਵਾਂ

## ਇਹ ਦੁਨੀਆਂ ਨਹੀਂ ਕਮਦਿਲਿਆਂ ਦੀ

**ਗੁਰਭਜਨ ਗਿੱਲ**

ਇਹ ਦੁਨੀਆਂ ਨਹੀਂ ਕਮਦਿਲਿਆਂ ਦੀ,
ਇਹ ਰਣ ਹੈ ਪੌਣ-ਸਵਾਰਾਂ ਦਾ।
ਜੇ ਨੀਂਹਾਂ ਦੇ ਵਿਚ ਸਿਰ ਹੋਵਣ,
ਮੁੱਲ ਪੈ ਜਾਂਦੈ ਦੀਵਾਰਾਂ ਦਾ।

ਜੋ ਸੂਲੀ ਚੜ੍ਹ ਮੁਸਕਾਉਂਦੇ ਨੇ,
ਉਹੀ ਉੱਚੇ ਰੁਤਬੇ ਪਾਉਂਦੇ ਨੇ।
ਇਤਿਹਾਸ ਗਵਾਹ ਬਹਿ ਤਵੀਆਂ ਤੇ,
ਉਹ ਜਾਬਰ ਨੂੰ ਅਜ਼ਮਾਉਂਦੇ ਨੇ।
ਅਣਖ਼ਾਂ ਤੇ ਇੱਜ਼ਤਾਂ ਵਾਲਿਆਂ ਨੂੰ,
ਨਹੀਂ ਡਰ ਸ਼ਾਹੀ ਦਰਬਾਰਾਂ ਦਾ।
ਇਹ ਦੁਨੀਆਂ ਨਹੀਂ ਕਮਦਿਲਿਆਂ ਦੀ...।

ਜੋ ਦੀਨ ਦੁਨੀਆਂ ਕੇ ਹੇਤ ਲੜੇ,
ਉਸ ਦੀ ਹੀ ਬੇੜੀ ਤੋੜ ਚੜ੍ਹੇ।
ਜੋ ਰੋਕ ਪਿਆਂ ਤੋਂ ਰੁਕ ਜਾਵਣ,
ਬੁੱਸ ਜਾਂਦੇ ਪਾਣੀ ਖੜ੍ਹੇ ਖੜ੍ਹੇ।
ਤਪਦੇ ਥਲ ਵਿਚ ਦੀ ਪੈਂਡਾ ਕਰ,
ਜੇ ਚਾਹੁਨੈਂ ਸਾਥ ਬਹਾਰਾਂ ਦਾ।
ਇਹ ਦੁਨੀਆਂ ਨਹੀਂ ਕਮਦਿਲਿਆਂ ਦੀ...।

ਇਹ ਤਾਂ ਸਿਰਲੱਥਾਂ ਦੀ ਬਸਤੀ ਹੈ,
ਏਥੇ ਜ਼ਿੰਦਗੀ ਮੌਤੋਂ ਸਸਤੀ ਹੈ।
ਮਿੱਟੀ ਵਿਚ ਆਪਣਾ ਖ਼ੂਨ ਚੁਆ,
ਤਦ ਮਿਲਣੀ ਉੱਚੀ ਹਸਤੀ ਹੈ।
ਇਹ ਜੋ ਰੰਗਾਂ ਦਾ ਦਰਿਆ ਜਾਪੇ,
ਸਭ ਖ਼ੂਨ ਵਹੇ ਮੇਰੇ ਯਾਰਾਂ ਦਾ।
ਇਹ ਦੁਨੀਆਂ ਨਹੀਂ ਕਮਦਿਲਿਆਂ ਦੀ...।

ਪਈ ਰਾਤ ਹਨੇਰ ਚੁਫ਼ੇਰਾ ਹੈ,
ਧੂੰਏਂ ਦਾ ਘਿਰਿਆ ਘੇਰਾ ਹੈ।
ਅਸੀਂ ਬਾਤਾਂ ਸੁਣ ਸੁਣ ਅੱਕ ਗਏ ਆਂ,
ਹਾਲੇ ਕਿੰਨੀ ਕੁ ਦੂਰ ਸਵੇਰਾ ਹੈ।
ਸੂਰਜ ਦੀ ਸੁਰਖ਼ ਸਵੇਰ ਬਿਨਾਂ,
ਮੂੰਹ ਦਿਸਣਾ ਨਹੀਂ ਦਿਲਦਾਰਾਂ ਦਾ।
ਇਹ ਦੁਨੀਆਂ ਨਹੀਂ ਕਮਦਿਲਿਆਂ ਦੀ...।

## ਮਾਂ ਮੈਂ ਬੋਲ ਰਹੀ ਆਂ

ਦੱਸ ਪੁੱਤਾ ਕਿੱਧਰ ਨੂੰ ਤੁਰਿਆ,
ਹੁਣ ਵੀ ਵੇਲਾ ਘਰ ਨੂੰ ਮੁੜਿਆ,
ਰੋ ਰੋ ਅੱਖਾਂ ਸੁੱਜੀਆਂ ਪਈਆਂ,
ਖ਼ੂਨ ਦੇ ਹੰਝੂ ਡੋਲ ਰਹੀ ਆਂ,
ਮਿੰਨਤਾਂ ਤਰਲੇ ਕਰਦੀ ਜਿਹੜੀ,
ਪੁੱਤਰਾ ਮਾਂ ਮੈਂ ਬੋਲ ਰਹੀ ਆਂ।

ਕੈਸੀ ਦੱਸ ਹਨੇਰੀ ਆਈ,
ਨਸ਼ਿਆਂ ਦਾ ਤੂੰ ਫੜਿਆ ਪੱਲਾ,
ਤੇਰੀਆਂ ਫਿਕਰਾਂ ਦੇ ਵਿੱਚ ਪੁੱਤਰਾ,
ਡੁੱਬਿਆ ਰਹਿੰਦਾ ਬਾਪੂ ਕੱਲਾ,
ਕਿਉਂ ਨਾਂ ਤੇਰਾ ਸੀਨਾਂ ਪਿਘਲੇ,
ਜਿੰਦਗੀ ਵੇ ਮੈਂ ਰੋਲ ਰਹੀ ਆਂ,
ਮਿੰਨਤਾਂ ਤਰਲੇ ਕਰਦੀ ਜਿਹੜੀ,
ਪੁੱਤਰਾ ਮਾਂ ਮੈਂ ਬੋਲ ਰਹੀ ਆਂ।

ਰੱਬ ਨੇਂ ਦਿੱਤੀ ਸੋਹਣੀ ਜ਼ਿੰਦਗੀ,
ਕਾਹਤੋਂ ਦੱਸ ਤੂੰ ਰੋਲੀ ਜਾਨੈਂ,
ਪੱਲਾ ਫੜਲੈ ਗੁਰ ਨਾਨਕ ਦਾ,
ਐਵੇਂ ਕਾਹਤੋਂ ਡੋਲੀ ਜਾਨੈਂ,
ਲਿਖਦਾ ਬੋਲ ਕਮਾਲੂ ਆਲਾ,
ਮੈਂ ਲਫ਼ਜ਼ਾਂ ਨੂੰ ਬੱਸ ਖੋਲ ਰਹੀ ਆਂ,
ਮਿੰਨਤਾਂ ਤਰਲੇ ਕਰਦੀ ਜਿਹੜੀ,
ਪੁੱਤਰਾ ਮਾਂ ਮੈਂ ਬੋਲ ਰਹੀ ਆਂ।

**ਅੰਮ੍ਰਿਤਪਾਲ ਸਿੰਘ ਕਮਾਲੂ**

## ਔਕਾਤ

ਕੀ ਦੱਸਾਂ ਔਕਾਤ ਉਨ੍ਹਾਂ ਦੀ।
ਕਿਹੜਾ ਦੱਸੇ ਜ਼ਾਤ ਉਨ੍ਹਾਂ ਦੀ।
ਦੇ ਕੇ ਜ਼ਖ਼ਮ ਮਲ੍ਹਮ ਨੇ ਲਾਉਂਦੇ
ਕੀ ਦੱਸਾਂ ਮੈਂ ਬਾਤ ਉਨ੍ਹਾਂ ਦੀ।
ਪਾਉਣ ਹਨ੍ਹੇਰ ਜਗਦੀਆਂ ਜੂਹੀਂ
ਕਿੱਦਾਂ ਦੀ ਪਰਭਾਤ ਉਨ੍ਹਾਂ ਦੀ।
ਮਰੀ ਜ਼ਮੀਰ ਨੂੰ ਚੁੱਕੀ ਫਿਰਦੇ,
ਕੀ ਪੁੱਛਦੇ ਹੋ ਬਾਤ ਉਨ੍ਹਾਂ ਦੀ।
ਕੁਰਸੀ ਖ਼ਾਤਰ ਬਣਨ ਜੁਰਾਬਾਂ,
ਇਹ ਹੀ ਕਲਮ ਦਵਾਤ ਉਨ੍ਹਾਂ ਦੀ।
ਦੂਸਰਿਆਂ ਦਾ ਹੱਕ ਖਾ ਜਾਂਦੇ,
ਆਦਤ ਲਾਉਣਾ ਘਾਤ ਉਨ੍ਹਾਂ ਦੀ।
ਪਹਿਨ ਪੌਸ਼ਾਕਾਂ ਸਦਾ ਰੇਸ਼ਮੀ,
ਲੀਰਾਂ ਕਰਨ ਦੀ ਚਾਹਤ ਉਨ੍ਹਾਂ ਦੀ।
ਸਿਖ਼ਰ ਦੁਪਹਿਰੇ ਤਾਂਹੀਂਉਂ ਲੁੱਟਦੇ,
ਸਿੱਧੀ ਹੈ ਦਿੱਲੀ ਬਾਤ ਉਨ੍ਹਾਂ ਦੀ।

**ਡਾ. ਹਰਿੰਦਰ ਕੌਰ ਸੋਹਲ**

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

SINGH THIND & ASSOCIATES
#208, 7110 120 Street, Surrey, BC
“ਆਪਣੇ ਭਾਈਚਾਰੇ ਦਾ ਮਾਣ”
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

# FRASERVIEW MEATS

The Name of Guaranteed Quality Meats



Number One Quality Meat in Lower Mainland

We also sell cooked chicken We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com



# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**



ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

12885-85Ave. Surrey, BC V3W 0K8 Canada




## ਹਫਤਾਵਾਰੀ ਪ੍ਰੋਗਰਾਮ

### ਇਹ ਹਫਤਾ ਬੱਬਰ ਅਕਾਲੀਆਂ ਅਤੇ ਚਾਬੀਆਂ ਦੇ ਮੋਰਚੇ ਨੂੰ ਸਮਰਪਿਤ ਹੈ

*19 ਜਨਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਭਾਈ ਬੂਟਾ ਸਿੰਘ ਕੰਗ ਪਰਿਵਾਰ ਵੱਲੋਂ

*19 ਜਨਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਭਾਈ ਤਰਨਜੀਤ ਸਿੰਘ ਘਟੋੜਾ ਪਰਿਵਾਰ ਵੱਲੋਂ

*19 ਜਨਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਭਾਈ ਮਨਦੀਪ ਸਿੰਘ ਪਰਿਵਾਰ ਵੱਲੋਂ

*20 ਜਨਵਰੀ ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 1 ਵਜੇ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਭਾਈ ਬਲਵੰਤ ਸਿੰਘ ਬਾਸੀ ਪਰਿਵਾਰ ਵੱਲੋਂ

*20 ਜਨਵਰੀ ਦਿਨ ਸ਼ਨਿੱਚਰਵਾਰ ਨੂੰ ਸ਼ਾਮ 4 ਵਜੇ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਬੀਬੀ ਮਨਪ੍ਰੀਤ ਕੌਰ ਚਾਹਲ ਪਰਿਵਾਰ ਵੱਲੋਂ

*20 ਜਨਵਰੀ ਦਿਨ ਸ਼ਨਿੱਚਰਵਾਰ ਨੂੰ ਸ਼ਾਮ 4 ਵਜੇ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਭਾਈ ਜਸਵੀਰ ਸਿੰਘ ਨੱਤ ਪਰਿਵਾਰ ਵੱਲੋਂ

*20 ਜਨਵਰੀ ਦਿਨ ਸ਼ਨਿੱਚਰਵਾਰ ਨੂੰ ਸ਼ਾਮ 4 ਵਜੇ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਬੀਬੀ ਮਨਪ੍ਰੀਤ ਕੌਰ ਚਾਹਲ ਪਰਿਵਾਰ ਵੱਲੋਂ

*20 ਜਨਵਰੀ ਦਿਨ ਸ਼ਨਿੱਚਰਵਾਰ ਨੂੰ ਭੋਗ ਸਹਿਜ ਪਾਠ ਸਾਹਿਬ 1 ਵਜੇ ਭਾਈ ਨਰਿੰਦਰ ਸਿੰਘ ਸੰਧੂ ਨਮਿੱਤ

*21 ਜਨਵਰੀ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸੁਖਮਨੀ ਸਾਹਿਬ ਬੀਬੀ ਅਮਨਦੀਪ ਕੌਰ ਪਰਿਵਾਰ ਵੱਲੋਂ

*21 ਜਨਵਰੀ ਦਿਨ ਐਤਵਾਰ ਨੂੰ ਸਵੇਰੇ 9 ਵਜੇ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਭਾਈ ਮੇਜਰ ਸਿੰਘ ਸ਼ੌਕਰ ਪਰਿਵਾਰ ਵੱਲੋਂ

*21 ਜਨਵਰੀ ਦਿਨ ਐਤਵਾਰ ਨੂੰ ਭੋਗ ਸਹਿਜ ਪਾਠ ਸਾਹਿਬ ਸਵੇਰੇ 9 ਵਜੇ ਬਾਬਾ ਮਨਜੀਤ ਸਿੰਘ ਹਰਖੋਵਾਲ ਵਾਲਿਆਂ ਦੀ ਯਾਦ ਵਿਚ ਸੇਵਾਦਾਰ ਪਰਿਵਾਰਾਂ ਵੱਲੋਂ

*21 ਜਨਵਰੀ ਦਿਨ ਐਤਵਾਰ ਨੂੰ ਸ਼ਾਮ 5 ਵਜੇ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਭਾਈ ਸੁਰਜੀਤ ਸਿੰਘ ਨੱਤ ਪਰਿਵਾਰ ਵੱਲੋਂ

**ਵਧੇਰੇ ਜਾਣਕਾਰੀ ਲਈ ਫੋਨ ਕਰੋ (ਗੁਰਦੁਆਰਾ ਸਾਹਿਬ):604-594-2574**